SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 23* Issue 65 | Tuesday, April 09, 2024 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਅਗਲੇ ਪੰਜ ਸਾਲਾਂ ਵਿੱਚ ਡਿਫੈਂਸ ਉੱਤੇ 8 ਬਿਲੀਅਨ ਡਾਲਰ ਖਰਚ ਕਰੇਗੀ ਫੈਡਰਲ ਸਰਕਾਰ : ਟਰੂਡੋ

ਓਨਟਾਰੀਓ, 8 ਅਪਰੈਲ (ਪੋਸਟ ਬਿਊਰੋ) : ਆਉਣ ਵਾਲੇ ਸਾਲਾਂ ਵਿੱਚ ਕੈਨੇਡਾ ਡਿਫੈਂਸ ਉੱਤੇ ਕਈ ਬਿਲੀਅਨ ਡਾਲਰ ਖਰਚ ਕਰੇਗਾ। ਫੈਡਰਲ ਸਰਕਾਰ ਵੱਲੋਂ ਕਲਾਈਮੇਟ ਚੇਂਜ, ਤੇਜ਼ੀ ਨਾਲ ਵੱਧ ਰਹੇ ਕੌਮਾਂਤਰੀ ਮਤਭੇਦ ਤੇ ਆਰਕਟਿਕ ਵਿੱਚ ਪ੍ਰਭੂਸੱਤਾ ਨੂੰ ਲੈ ਕੇ ਪੈਦਾ ਹੋਏ ਸੰਕਟ ਨੂੰ ਅਹਿਮ ਚੁਣੌਤੀਆਂ ਦੱਸਿਆ ਗਿਆ ਤੇ ਆਖਿਆ ਗਿਆ ਕਿ ਇਨ੍ਹਾਂ ਨਾਲ ਪਹਿਲ ਦੇ ਅਧਾਰ ਉੱਤੇ ਨਜਿੱਠਣਾ ਬੇਹੱਦ ਜ਼ਰੂਰੀ ਹੈ।

ਓਨਟਾਰੀਓ ਵਿੱਚ ਕੈਨੇਡੀਅਨ ਫੋਰਸਿਜ਼ ਬੇਸ ਟ੍ਰੈਂਟਨ ਉੱਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਐਲਾਨ ਕੀਤਾ ਕਿ ਅਗਲੇ ਪੰਜ ਸਾਲਾਂ ਵਿੱਚ ਇਸ ਸਬੰਧ ਵਿੱਚ ਫੈਡਰਲ ਸਰਕਾਰ ਵੱਲੋਂ ਇਨ੍ਹਾਂ ਖੇਤਰਾਂ ਉੱਤੇ 8 ਬਿਲੀਅਨ ਡਾਲਰ ਖਰਚ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਅਗਲੇ ਦੋ ਦਹਾਕਿਆਂ ਵਿੱਚ ਸਰਕਾਰ ਨਵੇਂ ਇਕਿਊਪਮੈਂਟ ਤੇ ਇਨਫਰਾਸਟ੍ਰਕਚਰ, ਜਿਸ ਵਿੱਚ ਕੈਨੇਡੀਅਨ ਏਅਰ ਤੇ ਸਮੁੰਦਰੀ ਫਲੀਟ ਵੀ ਸ਼ਾਮਲ ਹੋਵੇਗਾ, ਕਮਿਊਨਿਕੇਸ਼ਨ ਤਕਨਾਲੋਜੀ ਤੇ ਮਿਲਟਰੀ ਕਰਮਚਾਰੀਆਂ ਲਈ ਸਰਵਿਸਿਜ਼ ਉੱਤੇ 73 ਬਿਲੀਅਨ ਡਾਲਰ ਖਰਚਣ ਦਾ ਟੀਚਾ ਮਿਥ ਕੇ ਚੱਲ ਰਹੀ ਹੈ।

ਪ੍ਰਧਾਨ ਮੰਤਰੀ ਆਫਿਸ ਤੋਂ ਜਾਰੀ ਕੀਤੀ ਗਈ ਰਲੀਜ਼ ਵਿੱਚ ਆਖਿਆ ਗਿਆ ਕਿ ਕੈਨੇਡੀਅਨਜ਼ ਦੀਆਂ ਅਗਲੀਆਂ ਪੀੜ੍ਹੀਆਂ ਲਈ ਜਮਹੂਰੀਅਤ, ਆਜ਼ਾਦੀ, ਸ਼ਾਂਤੀ ਨੂੰ ਸਹੇਜ ਕੇ ਰੱਖਣ ਦਾ ਇਹ ਸਾਡਾ ਉਪਰਾਲਾ ਹੈ ਤਾਂ ਕਿ ਉਹ ਵੀ ਉਹੋ ਜਿਹੀ ਸਕਿਊਰਿਟੀ ਤੇ ਖੁਸ਼ਹਾਲੀ ਦਾ ਆਨੰਦ ਮਾਣ ਸਕਣ ਜਿਹੋ ਜਿਹੀ ਸਾਡੇ ਪੁਰਖਿਆਂ ਵੱਲੋ ਸਾਡੇ ਲਈ ਮੁਹੱਈਆ ਕਰਵਾਈ ਗਈ ਸੀ।

ਸਰਕਾਰ ਵੱਲੋਂ 2044 ਤੱਕ ਹੇਠ ਲਿਖੇ ਅਨੁਸਾਰ ਨਵੇਂ ਖਰਚੇ ਕਰਨ ਦੀ ਯੋਜਨਾ ਉਲੀਕੀ ਗਈ ਹੈ :

•ਮੈਰੀਟਾਈਮ ਸੈਂਸਰਜ਼ : ਸਮੁੰਦਰ ਦੀ ਸਤਹਿ ਦੇ ਹੇਠਾਂ ਕੈਨੇਡੀਅਨ ਮੈਰੀਟਾਈਮ ਅਪਰੋਚਿਜ਼ ਤਹਿਤ ਗਤੀਵਿਧੀਆਂ ਦਾ ਪਤਾ ਲਾਉਣ ਤੇ ਉਨ੍ਹਾਂ ਦੀ ਨਿਗਰਾਨੀ ਕਰਨ ਲਈ ਸਰਵੇਲੈਂਸ ਤਕਨਾਲੋਜੀਜ਼ ਉੱਤੇ 1.4 ਬਿਲੀਅਨ ਡਾਲਰ ਖਰਚੇ ਜਾਣਗੇ



•ਹੈਲੀਕਾਪਟਰਜ਼ : ਕੁਦਰਤੀ ਤਬਾਹੀ, ਐਮਰਜੰਸੀ ਤੇ ਕੈਨੇਡੀਅਨ ਖੁਤਮੁਖ਼ਤਿਆਰੀ ਦੀ ਹਿਫਾਜ਼ਤ ਲਈ ਨਵੇਂ ਟੈਕਟੀਕਲ ਹੈਲੀਕਾਪਟਰਾਂ ਦੀ ਸਮਰੱਥਾ ਵਧਾਉਣ ਉੱਤੇ 18.4 ਬਿਲੀਅਨ ਡਾਲਰ ਖਰਚੇ ਜਾਣਗੇ

•ਅਰਲੀ ਵਾਰਨਿੰਗ ਜਹਾਜ਼ : ਹਵਾਈ ਚੇਤਾਵਨੀਆਂ ਦੀ ਪਛਾਣ ਕਰਨ, ਨਿਗਰਾਨੀ ਕਰਨ ਤੇ ਉਨ੍ਹਾਂ ਬਾਰੇ ਐਲਰਟ ਜਾਰੀ ਕਰਨ ਲਈ 307 ਮਿਲੀਅਨ ਡਾਲਰ ਜਹਾਜ਼ਾਂ ਉੱਤੇ ਖਰਚ ਕੀਤੇ ਜਾਣਗੇ

•ਗਲੋਬਲ ਸੈਟੇਲਾਈਟ ਨੈੱਟਵਰਕਜ਼ : ਗਲੋਬਲ ਸੈਟੇਲਾਈਟ ਨੈੱਟਵਰਕਜ਼ ਤੱਕ ਪਹੁੰਚ ਵਧਾਉਣ ਲਈ 5.5 ਬਿਲੀਅਨ ਡਾਲਰ ਖਰਚੇ ਜਾਣਗੇ

•ਲੰਮੀਂ ਦੂਰੀ ਤੱਕ ਮਾਰ ਕਰਨ ਵਾਲੀਆਂ ਮਿਜ਼ਾਈਲਾਂ : ਲੰਮੀਂ ਦੂਰੀ ਤੱਕ ਮਾਰ ਕਰਨ ਵਾਲਾ ਮਿਜ਼ਾਈਲ ਸਿਸਟਮ ਕਾਇਮ ਕਰਨ ਲਈ 2.7 ਲਿੀਅਨ ਡਾਲਰ ਖਰਚੇ ਜਾਣਗੇ

•ਪਨਡੁੱਬੀਆਂ : ਕੈਨੇਡਾ ਦੇ ਪਨਡੁੱਬੀਆ ਦੇ ਫਲੀਟ ਨੂੰ ਬਦਲਣ ਤੇ ਇਸ ਵਿੱਚ ਨਵੀਆਂ ਪਨਡੁੱਬੀਆਂ ਸ਼ਾਮਲ ਕਰਨ ਲਈ ਅਜੇ ਸਰਕਾਰ ਵੱਲੋਂ ਰੱਖੀ ਗਈ ਰਕਮ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਸਰਕਾਰ ਇਨਫਰਾਸਟ੍ਰਕਚਰ ਨੂੰ ਹੋਰ ਮਜ਼ਬੂਤ ਕਰਨ ਲਈ 41.6 ਬਿਲੀਅਨ ਡਾਲਰ ਖਰਚੇਗੀ। ਇਸ ਦੇ ਨਾਲ ਹੀ ਹਾਊਸਿੰਗ, ਚਾਈਲਡ ਕੇਅਰ, ਹੈਲਥ ਰਿਕਾਰਡਜ਼, ਸਿਵੀਲੀਅਨ ਸਪੋਰਟ ਜੌਬਜ਼ ਵਰਗੀਆਂ ਸਰਵਿਸਿਜ਼ ਉੱਤੇ 2.7 ਬਿਲੀਅਨ ਡਾਲਰ ਫੈਡਰਲ ਸਰਕਾਰ ਵੱਲੋਂ ਖਰਚੇ ਜਾਣਗੇ। ਨਵੀਂ ਡਿਫੈਂਸ ਸਪੈਂਡਿੰਗ 2024 ਦੇ ਫੈਡਰਲ ਬਜਟ ਦਾ ਹਿੱਸਾ ਹੋਵੇਗੀ ਤੇ ਇਹ ਬਜਟ 16 ਅਪਰੈਲ ਨੂੰ ਪੇਸ਼ ਕੀਤਾ ਜਾਵੇਗਾ।

## ਕੈਨੇਡਾ ਦੀ ਏ ਆਈ ਸਮਰੱਥਾ ਵਧਾਉਣ ਲਈ ਲਿਬਰਲ ਸਰਕਾਰ ਖਰਚੇਗੀ 2.4 ਬਿਲੀਅਨ ਡਾਲਰ

ਓਟਵਾ, 8 ਅਪਰੈਲ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਐਤਵਾਰ ਨੂੰ ਐਲਾਨ ਕੀਤਾ ਗਿਆ ਕਿ ਲਿਬਰਲ ਸਰਕਾਰ ਆਰਟੀਫਿਸ਼ਲ ਇੰਟੈਲੀਜੈਂਸ ਵਿੱਚ ਆਪਣੀ ਸਮਰੱਥਾ ਵਧਾਉਣ ਲਈ 2.4 ਬਿਲੀਅਨ ਡਾਲਰ ਬਜਟ ਵਿੱਚ ਪਾਸੇ ਰੱਖਣ ਜਾ ਰਹੀ ਹੈ।




ਇਸ ਵਿੱਚੋਂ 2 ਬਿਲੀਅਨ ਡਾਲਰ ਕੰਪਿਊਟਿੰਗ ਕੇਪੇਬਿਲੀਟੀਜ਼ ਤੇ ਟੈਕਨੀਕਲ ਇਨਫਰਾਸਟ੍ਰਕਚਰ ਨੂੰ ਬਿਹਤਰ ਬਣਾਉਣ ਲਈ ਮੁਹੱਈਆ ਕਰਵਾਏ ਜਾਣਗੇ। ਇਸ ਸਬੰਧੀ ਐਲਾਨ ਟਰੂਡੋ ਵੱਲੋਂ ਬਜਟ ਤੋਂ ਪਹਿਲਾਂ ਵਾਲੇ ਮਾਂਟਰੀਅਲ ਦੇ ਟੂਰ ਦੌਰਾਨ ਕੀਤਾ ਗਿਆ। ਉਨ੍ਹਾਂ ਆਖਿਆ ਕਿ ਸਰਕਾਰ ਜਲਦ ਹੀ ਏਆਈ ਕੰਪਿਊਟ ਐਕਸੈੱਸ ਫੰਡ ਲਈ ਇੰਡਸਟਰੀ ਨਾਲ ਸਲਾਹ ਮਸ਼ਵਰਾ ਸ਼ੁਰੂ ਕਰ ਦੇਵੇਗੀ ਤੇ ਕੈਨੇਡਾ ਵਿੱਚ ਇਸ ਸੈਕਟਰ ਦੇ ਵਿਕਾਸ ਲਈ ਰਣਨੀਤੀ ਉਲੀਕੀ ਜਾਵੇਗੀ।

ਟਰੂਡੋ ਨੇ ਆਖਿਆ ਕਿ ਅਸੀਂ ਚਾਹੁੰਦੇ ਹਾਂ ਕਿ ਕੰਪਨੀਆਂ ਇਸ ਤਰ੍ਹਾਂ ਏਆਈ ਨੂੰ ਅਪਨਾਉਣ ਕਿ ਉਨ੍ਹਾਂ ਦਾ ਸਾਰਿਆਂ ਉੱਤੇ ਸਕਾਰਾਤਮਕ ਅਸਰ ਪਵੇ। ਉਨ੍ਹਾਂ ਦੱਸਿਆ ਕਿ ਖੇਤੀਬਾੜੀ, ਹੈਲਥ ਕੇਅਰ ਤੇ ਕਲੀਨ ਟੈਕਨਾਲੋਜੀ ਵਰਗੇ ਸੈਕਟਰਜ਼ ਲਈ ਏਆਈ ਨੂੰ ਅਪਨਾਉਣ ਵਾਸਤੇ 200 ਮਿਲੀਅਨ ਡਾਲਰ ਖਰਚੇ ਜਾਣਗੇ। ਸਰਕਾਰ ਦੀ ਯੋਜਨਾ ਅਨੁਸਾਰ 50 ਮਿਲੀਅਨ ਡਾਲਰ ਐਡਵਾਂਸਡ ਏਆਈ ਸਿਸਟਮ ਦੀ ਹਿਫਾਜ਼ਤ ਕਰਨ ਲਈ ਏਆਈ ਸੇਫਟੀ ਇੰਸਟੀਚਿਊਟ ਉੱਤੇ ਖਰਚੇ ਜਾਣਗੇ ਜਦਕਿ 5.1 ਮਿਲੀਅਨ ਡਾਲਰ ਏਆਈ ਤੇ ਡਾਟਾ ਕਮਿਸ਼ਨਰ ਦੇ ਆਫਿਸ ਨੂੰ ਪ੍ਰਸਤਾਵਿਤ ਆਰਟੀਫਿਸ਼ਲ ਇੰਟੈਲੀਜੈਂਸ ਤੇ ਡਾਟਾ ਐਕਟ ਨੂੰ ਲਾਗੂ ਕਰਨ ਲਈ ਦਿੱਤੇ ਜਾਣਗੇ।

## 1.8 ਮਿਲੀਅਨ ਡਾਲਰ ਦੀਆਂ ਗੱਡੀਆਂ ਚੋਰੀ ਕਰਨ ਵਾਲੇ 3 ਵਿਅਕਤੀਆਂ ਨੂੰ ਕੀਤਾ ਗਿਆ ਗ੍ਰਿਫਤਾਰ

ਓਨਟਾਰੀਓ, 8 ਅਪਰੈਲ (ਪੋਸਟ ਬਿਊਰੋ): ਜੁਆਇੰਟ ਆਟੋ ਥੈਫਟ ਜਾਂਚ ਦੌਰਾਨ ਪੀਲ ਪੁਲਿਸ ਦੇ ਕਮਰਸ਼ੀਅਲ ਆਟੋ ਕ੍ਰਾਈਮ ਬਿਊਰੋ ਵੱਲੋਂ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਦੌਰਾਨ ਪੁਲਿਸ ਨੂੰ 1.8 ਮਿਲੀਅਨ ਡਾਲਰ ਮੁੱਲ ਦੀਆਂ 20 ਗੱਡੀਆਂ ਮਿਲੀਆਂ।



ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨਾਲ ਭਾਈਵਾਲੀ ਵਿੱਚ ਕੀਤੀ ਗਈ ਜਾਂਚ ਵਿੱਚ ਇਹ ਗੱਡੀਆਂ ਬਰਾਮਦ ਹੋਈਆਂ। ਇਸ ਦੇ ਨਾਲ ਹੀ ਗ੍ਰਿਫਤਾਰ ਕੀਤੇ ਗਏ ਤਿੰਨ ਵਿਅਕਤੀਆਂ ਉੱਤੇ 38 ਚਾਰਜਿਜ਼ ਲਾਏ ਗਏ। ਦਸੰਬਰ 2023 ਵਿੱਚ ਕਮਰਸ਼ੀਅਲ ਆਟੋ ਕ੍ਰਾਈਮ ਬਿਊਰੋ ਨੇ ਬਰੈਂਪਟਨ ਵਿੱਚ ਇੱਕ ਲੋਕਲ ਟਰੱਕਿੰਗ ਯਾਰਡ ਦੀ ਜਾਂਚ ਸ਼ੁਰੂ ਕੀਤੀ। ਬੋਲਟਨ ਦੀ ਇਸ ਇੰਡਸਟਰੀਅਲ ਯੂਨਿਟ ਦੀ ਪਛਾਣ ਚੋਰੀ ਦੀਆਂ ਗੱਡੀਆਂ ਨੂੰ ਲੋਡ ਕਰਨ ਲਈ ਵਰਤੇ ਜਾਣ ਦਾ ਪਤਾ ਲੱਗਿਆ ਸੀ। ਇੱਥੋਂ ਚੋਰੀ ਦੀਆਂ ਗੱਡੀਆਂ ਲੋਡ ਕਰਕੇ ਦੁਬਈ, ਓਮਾਨ ਤੇ ਸੋਹਾਰ ਵਰਗੀਆਂ ਥਾਂਵਾਂ ਉੱਤੇ ਭੇਜੀਆਂ ਜਾਂਦੀਆਂ ਸਨ।

ਜਾਂਚਕਾਰਾਂ ਨੂੰ ਕਈ ਹਾਈ ਐਂਡ ਪਿੱਕਅੱਪ ਟਰੱਕ ਤੇ ਹੋਰ ਗੱਡੀਆਂ ਇੱਥੋਂ ਬਰਾਮਦ ਹੋਈਆਂ ਜਿਨ੍ਹਾਂ ਨੂੰ ਵਿਦੇਸ਼ਾਂ ਵਿੱਚ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਸੀ। 26 ਮਾਰਚ ਨੂੰ ਪੁਲਿਸ ਨੇ ਕਈ ਸਰਚ ਵਾਰੰਟ ਕਢਵਾ ਕੇ ਤਲਾਸ਼ੀ ਲਈ ਤੇ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ। ਟੋਰਾਂਟੋ ਦੇ 62 ਸਾਲਾ ਫੁਆਦ ਸਖ਼ਤੂਰ, ਟੋਰਾਂਟੋ ਦੇ 38 ਸਾਲਾ ਅਲੀ ਅਲਫਾਵੇਅਰ ਤੇ ਮਿਸੀਸਾਗਾ ਦੇ 29 ਸਾਲਾ ਹਰਵੀਰ ਬੋਪਾਰਾਇ ਨੂੰ ਕਈ ਮਾਮਲਿਆਂ ਵਿੱਚ ਚਾਰਜ ਕੀਤਾ ਗਿਆ।

## ਤਿੰਨ ਗੱਡੀਆਂ ਦੀ ਟੱਕਰ ਵਿੱਚ 2 ਜ਼ਖ਼ਮੀ




ਬਰੈਂਪਟਨ, 8 ਅਪਰੈਲ (ਪੋਸਟ ਬਿਊਰੋ) : ਐਤਵਾਰ ਨੂੰ ਬਰੈਂਪਟਨ ਵਿੱਚ ਵਾਪਰੇ ਹਾਦਸੇ ਤੋਂ ਬਾਅਦ ਇੱਕ ਵਿਅਕਤੀ ਨੂੰ ਏਅਰ ਲਿਫਟ ਕਰਕੇ ਟਰੌਮਾ ਸੈਂਟਰ ਲਿਜਾਇਆ ਗਿਆ ਜਦਕਿ ਦੂਜੇ ਨੂੰ ਲੋਕਲ ਹਸਪਤਾਲ ਲਿਜਾਇਆ ਗਿਆ।

ਸ਼ਾਮੀਂ 5:30 ਵਜੇ ਤੋਂ ਪਹਿਲਾਂ ਪੀਲ ਪੁਲਿਸ ਨੂੰ ਮਿਸੀਸਾਗਾ ਰੋਡ ਤੇ ਵੇਨਲੈੱਸ ਡਰਾਈਵ ਏਰੀਆ ਵਿੱਚ ਕਈ ਗੱਡੀਆਂ ਦੇ ਆਪਸ ਵਿੱਚ ਟਕਰਾ ਜਾਣ ਦੀ ਖਬਰ ਮਿਲੀ। ਪੈਰਾਮੈਡਿਕਸ ਨੇ ਦੱਸਿਆ ਕਿ ਹਾਦਸੇ ਵਿੱਚ ਤਿੰਨ ਗੱਡੀਆਂ ਸ਼ਾਮਲ ਸਨ।

ਇੱਕ ਵਿਅਕਤੀ ਦੇ ਗੰਭੀਰ ਜ਼ਖ਼ਮੀ ਹੋਣ ਕਾਰਨ ਉਸ ਨੂੰ ਏਅਰ ਐਂਬੂਲੈਂਸ ਰਾਹੀਂ ਟਰੌਮਾ ਸੈਂਟਰ ਲਿਜਾਇਆ ਗਿਆ ਜਦਕਿ ਦੂਜੇ ਨੂੰ ਮਾਮੂਲੀ ਸੱਟਾਂ ਲੱਗੀਆਂ ਹੋਣ ਕਾਰਨ ਲੋਕਲ ਹਸਪਤਾਲ ਪਹੁੰਚਾਇਆ ਗਿਆ। ਤੀਜੇ ਵਿਅਕਤੀ ਨੇ ਪੈਰਾਮੈਡਿਕਸ ਤੋਂ ਇਲਾਜ ਕਰਵਾਉਣ ਤੋਂ ਇਨਕਾਰ ਕਰ ਦਿੱਤਾ।

ਇਸ ਇੰਟਰਸੈਕਸ਼ਨ ਨੂੰ ਮੁਕੰਮਲ ਤੌਰ ਉੱਤੇ ਬੰਦ ਕਰ ਦਿੱਤਾ ਗਿਆ ਤੇ ਇਸ ਇੰਟਰਸੈਕਸ਼ਨ ਤੱਕ ਪਹੁੰਚਣ ਵਾਲੀਆਂ ਸੜਕਾਂ ਨੂੰ ਵੀ ਬੰਦ ਕਰ ਦਿੱਤਾ ਗਿਆ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

### ਸਰਕਾਰ ਵਿਰੋਧੀ ਪ੍ਰਦਰਸ਼ਨਾਂ ਤੋਂ ਬਾਅਦ ਨੇਤਨਯਾਹੂ ਬੈਕਫੁੱਟ 'ਤੇ, ਦੱਖਣੀ ਗਾਜ਼ਾ ਤੋਂ ਫੌਜ ਹਟਾਈ

ਜੈਰੋਸਲਮ, 8 ਅਪ੍ਰੈਲ (ਪੋਸਟ ਬਿਊਰੋ) : ਗਾਜ਼ਾ 'ਚ ਲਗਾਤਾਰ ਹੋ ਰਹੀਆਂ ਮੌਤਾਂ ਅਤੇ ਇਜ਼ਰਾਇਲੀ ਬੰਧਕਾਂ ਦੀ ਮੌਤ ਨੂੰ ਲੈ ਕੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਖਿਲਾਫ ਦੇਸ਼ 'ਚ ਹੋ ਰਹੇ ਪ੍ਰਦਰਸ਼ਨਾਂ ਨੇ ਉਨ੍ਹਾਂ ਨੂੰ ਬੈਕਫੁੱਟ 'ਤੇ ਖੜ੍ਹਾ ਕਰ ਦਿੱਤਾ ਹੈ। ਬੀਤੇ ਦਿਨ ਇਜ਼ਰਾਈਲ ਨੇ ਹੁਣ ਦੱਖਣੀ ਗਾਜ਼ਾ ਤੋਂ ਸੈਨਿਕਾਂ ਦੀ ਗਿਣਤੀ ਘਟਾਉਣ ਦਾ ਐਲਾਨ ਕੀਤਾ ਹੈ। ਦੂਜੇ ਪਾਸੇ ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਕਿਹਾ ਹੈ ਕਿ ਇਜ਼ਰਾਈਲ-ਹਮਾਸ ਟਕਰਾਅ ਨੂੰ ਮਨੁੱਖੀ ਆਧਾਰ 'ਤੇ ਰੋਕਿਆ ਜਾਣਾ ਚਾਹੀਦਾ ਹੈ। ਇਜ਼ਰਾਈਲੀ ਫੌਜ ਦੇ ਬੁਲਾਰੇ ਨੇ ਐਤਵਾਰ ਨੂੰ ਕਿਹਾ ਕਿ ਫੌਜ ਨੇ ਦੱਖਣੀ ਗਾਜ਼ਾ ਪੱਟੀ ਤੋਂ ਹੋਰ ਜ਼ਮੀਨੀ ਫੌਜਾਂ ਨੂੰ ਵਾਪਸ ਲੈ ਲਿਆ ਹੈ, ਆਪਣੀ ਕਾਰਵਾਈ ਸ਼ੁਰੂ ਕਰਨ ਦੇ ਛੇ ਮਹੀਨਿਆਂ ਬਾਅਦ ਉੱਥੇ ਸਿਰਫ ਇੱਕ ਬ੍ਰਿਗੇਡ ਛੱਡ ਦਿੱਤੀ ਹੈ। ਵਾਸ਼ਿੰਗਟਨ ਦੇ ਵਧਦੇ ਦਬਾਅ ਦੇ ਮੱਦੇਨਜ਼ਰ, ਇਜ਼ਰਾਈਲੀ ਫੌਜ ਗਾਜ਼ਾ ਵਿੱਚ ਸੈਨਿਕਾਂ ਦੀ ਗਿਣਤੀ ਘਟਾ ਰਹੀ ਹੈ। ਇਸ ਵਿਚ ਫ਼ੌਜਾਂ ਦੀ ਵਾਪਸੀ ਦੇ ਕਾਰਨਾਂ ਜਾਂ ਇਸ ਵਿਚ ਸ਼ਾਮਲ ਸੰਖਿਆ ਬਾਰੇ ਵੇਰਵੇ ਨਹੀਂ ਦਿੱਤੇ ਗਏ। ਬ੍ਰਿਟੇਨ ਨੇ ਐਤਵਾਰ ਨੂੰ ਗਾਜ਼ਾ ਲਈ ਇੱਕ ਸਮੁੰਦਰੀ ਸਹਾਇਤਾ ਕੋਰੀਡੋਰ ਸਥਾਪਤ ਕਰਨ ਲਈ ਫੌਜੀ ਅਤੇ ਨਾਗਰਿਕ ਸਹਾਇਤਾ ਦੇ ਇੱਕ ਨਵੇਂ ਪੈਕੇਜ ਦੀ ਐਲਾਨ ਕੀਤਾ ਹੈ।

## ਛੁਰੇਬਾਜ਼ੀ ਦੇ ਸਬੰਧ ਵਿੱਚ ਇੱਕ ਮਸ਼ਕੂਕ ਗ੍ਰਿਫਤਾਰ

ਟੋਰਾਂਟੋ, 8 ਅਪਰੈਲ (ਪੋਸਟ ਬਿਊਰੋ) : ਪਿਛਲੇ ਮਹੀਨੇ ਡਾਊਨਟਾਊਨ ਦੇ ਇੱਕ ਅਪਾਰਟਮੈਂਟ ਵਿੱਚ ਦਾਖਲ ਹੋ ਕੇ ਇੱਕ ਵਿਅਕਤੀ ਨੂੰ ਚਾਕੂ ਮਾਰਨ ਵਾਲੇ ਤਿੰਨ ਵਿਅਕਤੀਆਂ ਵਿੱਚੋਂ ਪੁਲਿਸ ਨੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਹੈ।




ਛੁਰੇਬਾਜ਼ੀ ਦੀਆਂ ਖਬਰਾਂ ਦੇ ਕੇ 9 ਮਾਰਚ ਦਿਨ ਸ਼ਨਿੱਚਰਵਾਰ ਨੂੰ ਸ਼ਾਮੀਂ 5:18 ਉੱਤੇ ਪੁਲਿਸ ਅਧਿਕਾਰੀਆਂ ਨੂੰ ਕਾਰਲਟਨ ਤੇ ਚਰਚ ਸਟਰੀਟ ਉੱਤੇ ਸੱਦਿਆ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਤਿੰਨ ਵਿਅਕਤੀ ਜਬਰੀਂ ਇੱਕ ਅਪਾਰਟਮੈਂਟ ਵਿੱਚ ਦਾਖਲ ਹੋ ਗਏ। ਪੁਲਿਸ ਰਲੀਜ਼ ਵਿੱਚ ਦੱਸਿਆ ਗਿਆ ਕਿ ਅਪਾਰਟਮੈਂਟ ਵਿੱਚ ਦਾਖਲ ਹੋਣ ਤੋਂ ਬਾਅਦ ਉਨ੍ਹਾਂ ਇੱਕ ਵਿਅਕਤੀ ਉੱਤੇ ਹਮਲਾ ਕਰ ਦਿੱਤਾ ਤੇ ਉਸ ਨੂੰ ਚਾਕੂ ਮਾਰ ਦਿੱਤਾ।

ਫਿਰ ਤਿੰਨੇ ਮਸ਼ਕੂਕ ਉੱਥੋਂ ਫਰਾਰ ਹੋ ਗਏ। ਜ਼ਖ਼ਮੀ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਤੇ ਉੱਥੇ ਉਸ ਦਾ ਇਲਾਜ ਕਰਵਾਇਆ ਗਿਆ। 7 ਅਪਰੈਲ ਨੂੰ ਪੁਲਿਸ ਨੇ ਇੱਕ ਸਰਚ ਵਾਰੰਟ ਕਢਵਾ ਕੇ ਚਰਚ ਤੇ ਕਾਰਲਟਨ ਸਟਰੀਟ ਏਰੀਆ ਦੀਆਂ ਕੁੱਝ ਥਾਂਵਾਂ ਦੀ ਤਲਾਸ਼ੀ ਲਈ। ਜਾਂਚਕਾਰਾਂ ਨੇ ਦੱਸਿਆ ਕਿ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਇਸ ਦੇ ਨਾਲ ਹੀ ਗੰਨਜ਼ ਤੇ ਡਰੱਗਜ਼ ਵੀ ਬਰਾਮਦ ਕੀਤੇ ਗਏ ਹਨ।

ਪੁਲਿਸ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਇੱਕ ਵਿਅਕਤੀ ਘਰ ਵਿੱਚ ਦਾਖਲ ਹੋ ਕੇ ਇੱਕ ਵਿਅਕਤੀ ਨੂੰ ਛੁਰੇਬਾਜ਼ੀ ਵਿੱਚ ਜ਼ਖ਼ਮੀ ਕਰਨ ਦੇ ਮਾਮਲੇ ਵਿੱਚ ਵੀ ਸ਼ਾਮਲ ਸੀ। ਟੋਰਾਂਟੋ ਦੇ 32 ਸਾਲਾ ਜਰਮੇਨ ਵਿਲੀਅਮਜ਼ ਨੂੰ ਘਰ ਵਿੱਚ ਜਬਰੀ ਦਾਖਲ ਹੋਣ, ਹਮਲਾ ਕਰਕੇ ਇੱਕ ਵਿਅਕਤੀ ਨੂੰ ਸ਼ਰੀਰਕ ਨੁਕਸਾਨ ਪਹੁੰਚਾਉਣ ਲਈ ਚਾਰਜ ਕੀਤਾ ਗਿਆ ਹੈ ਤੇ ਉਸ ਖਿਲਾਫ ਡਰੱਗਜ਼ ਤੇ ਗੰਨ ਚਾਰਜਿਜ਼ ਵੀ ਲਾਏ ਗਏ ਹਨ। ਟੋਰਾਂਟੋ ਦੇ 22 ਸਾਲਾ ਸ਼ਨੇਲ ਬੋਲਗਨ ਨੂੰ ਵੀ ਹਥਿਆਰਾਂ ਤੇ ਡਰੱਗਜ਼ ਸਬੰਧੀ ਕਈ ਚਾਰਜਿਜ਼ ਦਾ ਸਾਹਮਣਾ ਕਰਨਾ ਪਵੇਗਾ।

## ਗੱਡੀ ਪਲਟਣ ਕਾਰਨ ਦੋ ਵਿਅਕਤੀਆਂ ਦੀ ਹੋਈ ਮੌਤ

ਦਰਹਾਮ, 8 ਅਪਰੈਲ (ਪੋਸਟ ਬਿਊਰੋ) : ਦਰਹਾਮ ਰੀਜਨ ਵਿੱਚ ਵੀਕੈਂਡ ਉੱਤੇ ਗੱਡੀ ਪਲਟਣ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ।

ਟਾਊਨਸ਼ਿਪ ਆਫ ਬ੍ਰੌਕ ਵਿੱਚ ਰੀਜਨਲ ਰੋਡ 15 ਦੇ ਦੱਖਣ ਵਿੱਚ ਥਰਾਹ ਸਾਈਡਰੋਡ ਉੱਤੇ ਐਤਵਾਰ ਨੂੰ ਇਹ ਹਾਦਸਾ ਵਾਪਰਿਆ। ਦਰਹਾਮ ਰੀਜਨਲ ਪੁਲਿਸ ਸਰਵਿਸ (ਡੀਆਰਪੀਐਸ) ਨੇ ਦੱਸਿਆ ਕਿ ਉਨ੍ਹਾਂ ਨੂੰ ਇਕਹਿਰੀ ਗੱਡੀ ਦੇ ਪਲਟ ਜਾਣ ਤੋਂ ਬਾਅਦ ਰਾਤੀਂ 3:20 ਉੱਤੇ ਇਸ ਇਲਾਕੇ ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਗੱਡੀ ਦੱਖਣ ਵੱਲ ਜਾ ਰਹੀ ਸੀ ਜਦੋਂ ਡਰਾਈਵਰ ਉਸ ਤੋਂ ਆਪਣਾ ਕਾਬੂ ਗੁਆ ਬੈਠਿਆ ਤੇ ਸੜਕ ਦੇ ਕਿਨਾਰੇ ਬਣੇ ਡਰੇਨੇਜ ਵਿੱਚ ਗੱਡੀ ਦਾਖਲ ਹੋ ਗਈ। ਉਨ੍ਹਾਂ ਦੱਸਿਆ ਕਿ ਜਿਵੇਂ ਹੀ ਗੱਡੀ ਇਸ ਡਰੇਨੇਜ ਵਿੱਚ ਦਾਖਲ ਹੋਈ ਪਲਟ ਗਈ ਤੇ ਇਸ ਵਿੱਚ ਪਾਣੀ ਭਰ ਗਿਆ। ਡੀਆਰਪੀਐਸ ਨੇ ਇੱਕ ਨਿਊਜ਼ ਰਲੀਜ਼ ਵਿੱਚ ਦੱਸਿਆ ਕਿ ਗੱਡੀ ਵਿੱਚੋਂ ਇੱਕ ਪੁਰਸ਼ ਤੇ ਮਹਿਲਾ ਦੀਆਂ ਲਾਸ਼ਾਂ ਮਿਲੀਆਂ ਹਨ। ਉਨ੍ਹਾਂ ਦੱਸਿਆ ਕਿ ਆਉਂਦੇ ਜਾਂਦੇ ਲੋਕਾਂ ਨੇ ਇਸ ਹਾਦਸੇ ਨੂੰ ਵੇਖ ਕੇ ਪੁਲਿਸ ਨੂੰ ਸੱਦਿਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

MagGas Medical Brampton
MGM
MAGGAS MEDICAL INC.
Helping you breathe deep and rest easy.
(647) 954-9885
20 Maritime Ont Blvd Unit 15
Brampton, ON L6S 0C2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
(Government Approved Licensed Technician)
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Advice you can bank on. Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

## ਅੱਜ ਨਾਮਾ >>

ਲੁਟੇਰੇ ਇੱਕ ਥਾਂ ਫੜੇ ਨੇ ਪੁਲਸ ਸੁਣਿਆ,
ਹੋਈ ਆ ਦੂਸਰੀ ਓਦੋਂ ਤੱਕ ਲੁੱਟ ਮੀਆਂ।
ਇੱਕਾ-ਦੁੱਕਾ ਕੋਈ ਹੋਵੇ ਤਾਂ ਅਮਨ ਹੋਵੇ,
ਏਥੇ ਬਦਮਾਸਾਂ ਦੇ ਬੜੇ ਹਨ ਗੁੱਟ ਮੀਆਂ।
ਹਾਲਤ ਕਸ਼ਮੀਰ ਤੋਂ ਕੇਰਲਾ ਤੱਕ ਇਹੀ,
ਹਰ ਥਾਂ ਧੂੜ ਬਦਮਾਸ਼ ਰਹੇ ਪੁੱਟ ਮੀਆਂ।
ਆਪਸ ਵਿੱਚ ਬਦਮਾਸ਼ਾਂ ਦੇ ਤਾਰ ਜੁੜਦੇ,
ਸੰਪਰਕ ਪੁਲਸ ਦਾ ਜਾਂਵਦਾ ਟੁੱਟ ਮੀਆਂ।
ਕਿਸੇ ਥਾਂ ਪਏ ਡਾਕਾ, ਕਿਧਰੇ ਖੋਹ ਹੁੰਦੀ,
ਵਹਿੰਦਾ ਕਿਤੇ ਇਨਸਾਨ ਦਾ ਖ਼ੂਨ ਮੀਆਂ।
ਫਿਰ ਵੀ ਆਖੇ ਸਰਕਾਰ ਨਾ ਕਰੋ ਚਿੰਤਾ,
ਕਾਬੂ ਅੰਦਰ ਆ ਅਮਨ-ਕਾਨੂੰਨ ਮੀਆਂ।

**ਤੀਸ ਮਾਰ ਖਾਂ**

# ਅੱਠ ਦਿਨਾਂ ਤੋਂ ਲਾਪਤਾ ਵਿਦਿਆਰਥਣ ਦਾ ਗਲਾ ਘੁੱਟ ਕੇ ਕਤਲ, ਮੁਲਜ਼ਮਾਂ ਵਿੱਚ ਕਾਲਜ ਦਾ ਦੋਸਤ ਵੀ ਸ਼ਾਮਲ

ਅਹਿਮਦਨਗਰ, 8 ਅਪ੍ਰੈਲ (ਪੋਸਟ ਬਿਊਰੋ) : 30 ਮਾਰਚ ਤੋਂ ਲਾਪਤਾ ਪੁਣੇ ਦੇ 22 ਸਾਲਾ ਇੰਜੀਨੀਅਰਿੰਗ ਦੀ ਵਿਦਿਆਰਥਣ ਦੀ ਐਤਵਾਰ ਨੂੰ ਅਹਿ-ਮਦਨਗਰ 'ਚ ਹੱਤਿਆ ਕਰ ਦਿੱਤੀ ਗਈ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਉਸ ਨੂੰ ਇੱਕ ਕਾਲਜ ਦੋਸਤ ਸਮੇਤ ਤਿੰਨ ਲੋਕਾਂ ਨੇ ਫਿਰੌਤੀ ਲਈ ਕਥਿਤ ਤੌਰ 'ਤੇ ਅਗਵਾ ਕੀਤਾ ਸੀ ਅਤੇ ਬਾਅਦ ਵਿੱਚ ਗਲਾ ਘੁੱਟ ਕੇ ਮਾਰ ਦਿੱਤਾ ਸੀ। ਅਧਿਕਾਰੀ ਨੇ ਅੱਗੇ ਦੱਸਿਆ ਕਿ ਉਹ ਇੱਥੋਂ ਦੇ ਵਾਘੋਲੀ ਇਲਾਕੇ ਦੇ ਇੱਕ




ਕਾਲਜ ਵਿੱਚ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਹੀ ਸੀ। 29 ਮਾਰਚ ਨੂੰ ਕਾਲਜ ਦਾ ਇੱਕ ਪੁਰਸ਼ ਦੋਸਤ ਅਤੇ ਦੋ ਹੋਰ ਉਸ ਨੂੰ ਮਿਲੇ ਅਤੇ ਉਸ ਨੂੰ ਹੋਸਟਲ ਵਿੱਚ ਛੱਡ ਦਿੱਤਾ। 30 ਮਾਰਚ ਨੂੰ ਉਹ ਉਸ ਨੂੰ ਅਹਿਮਦਨਗਰ ਲੈ ਗਏ। ਉਨ੍ਹਾਂ ਨੇ ਉਸ ਦੇ ਮਾਪਿਆਂ ਤੋਂ 9 ਲੱਖ ਰੁਪਏ ਦੀ ਮੰਗ ਕੀਤੀ। ਫਿਰ ਉਨ੍ਹਾਂ ਨੇ ਉਸ ਦਾ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ, ਉਸ ਦੀ ਲਾਸ਼ ਨੂੰ ਅਹਿਮਦ-ਨਗਰ ਦੇ ਬਾਹਰਵਾਰ ਦਫ਼ਨਾ ਦਿੱਤਾ ਅਤੇ ਉਸ ਦੇ ਮੋਬਾਈਲ ਦਾ ਸਿਮ ਕੱਢ ਲਿਆ।

ਪੁਲਿਸ ਨੇ ਕਿਹਾ ਕਿ ਉਸਦੇ ਪਰਿਵਾਰ ਵੱਲੋਂ ਗੁੰਮਸ਼ੁਦਗੀ ਦੀ ਸ਼ਿਕਾਇਤ ਦਰਜ ਕਰਵਾਉਣ ਤੋਂ ਬਾਅਦ, ਜਾਂਚ ਤਕਨੀਕੀ ਵਿਸ਼ਲੇਸ਼ਣ ਦੁਆਰਾ ਤਿੰਨ ਮੁਲਜ਼ਮਾਂ 'ਤੇ ਕੇਂਦਰਤ ਕੀਤੀ ਗਈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

# ਅਵਾਰਾ ਕੁੱਤਿਆਂ ਨੇ ਦਰਗਾਹ ਕੋਲ ਬੈਠੀ ਲੜਕੀ ਨੂੰ ਬਣਾਇਆ ਸ਼ਿਕਾਰ, ਇਲਾਜ ਦੌਰਾਨ ਮੌਤ

ਉਦੈਪੁਰ, 8 ਅਪ੍ਰੈਲ (ਪੋਸਟ ਬਿਊਰੋ) : ਰਾਜਸਥਾਨ ਦੇ ਉਦੈਪੁਰ ਜ਼ਿਲ੍ਹੇ ਤੋਂ ਇੱਕ ਦਿਲ ਦਹਿਲਾ ਦੇਣ ਵਾਲੀ ਖ਼ਬਰ ਸਾਹਮਣੇ ਆਈ ਹੈ। ਬੀਤੇ ਦਿਨੀਂ ਜ਼ਿਲੇ ਦੇ ਅੰਬਮਾਤਾ ਥਾਣਾ ਖੇਤਰ 'ਚ ਇਕ ਆਵਾਰਾ ਕੁੱਤੇ ਦੇ ਹਮਲੇ 'ਚ 4 ਸਾਲ ਦੀ ਬੱਚੀ ਦੀ ਮੌਤ ਹੋ ਗਈ। ਪੁਲਸ ਨੇ ਦੱਸਿਆ ਕਿ ਸਵੇਰੇ 4 ਸਾਲ ਦੀ ਬੱਚੀ ਰੇਸ਼ਮਾ ਅੰਬ ਮਾਤਾ ਥਾਣਾ ਖੇਤਰ 'ਚ ਇਕ ਦਰਗਾਹ ਕੋਲ ਬੈਠੀ ਸੀ। ਇਸ ਦੌਰਾਨ ਆਵਾਰਾ ਕੁੱਤਿਆਂ ਨੇ ਉਸ 'ਤੇ ਹਮਲਾ ਕਰ ਕੇ ਉਸ ਨੂੰ ਬੁਰੀ ਤਰ੍ਹਾਂ



ਜ਼ਖਮੀ ਕਰ ਦਿੱਤਾ। ਪੀੜਤਾ ਰਮਜ਼ਾਨ ਦੌਰਾਨ ਆਪਣੇ ਪਰਿਵਾਰਕ ਮੈਂਬਰਾਂ ਨਾਲ ਮੱਧ ਪ੍ਰਦੇਸ਼ ਤੋਂ ਇੱਥੇ ਆਈ ਸੀ।

ਅੰਬਮਾਤਾ ਥਾਣੇ ਦੇ ਹੈੱਡ ਕਾਂਸਟੇਬਲ ਰਣਜੀਤ ਸਿੰਘ ਨੇ ਦੱਸਿਆ ਕਿ ਲੜਕੀ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਲਾਸ਼ ਨੂੰ ਪੋਸਟਮਾਰਟਮ ਤੋਂ ਬਾਅਦ ਵਾਰਸਾਂ ਹਵਾਲੇ ਕਰ ਦਿੱਤਾ ਗਿਆ ਹੈ। ਦੱਸ ਦੇਈਏ ਕਿ ਆਵਾਰਾ ਕੁੱਤਿਆਂ ਦੇ ਹਮਲਿਆਂ 'ਚ ਬੱਚਿਆਂ ਦੀ ਮੌਤ ਹੋਣ ਦੀਆਂ ਲਗਾਤਾਰ ਖਬਰਾਂ ਆ ਰਹੀਆਂ ਹਨ ਅਤੇ ਅਜਿਹੀਆਂ ਘਟਨਾਵਾਂ ਨੂੰ ਦੇਖਦੇ ਹੋਏ ਕੇਂਦਰ ਨੇ 23 ਨਸਲਾਂ ਦੇ ਹਮਲਾਵਰ ਕੁੱਤਿਆਂ ਦੀ ਬਰੀਡਿੰਗ 'ਤੇ ਪਾਬੰਦੀ ਲਗਾਉਣ ਦੇ ਨਿਰਦੇਸ਼ ਵੀ ਦਿੱਤੇ ਗਏ ਹਨ।

# ਜੇ ਈ ਈ ਮੇਨਸ ਦੀ ਪ੍ਰੀਖਿਆ 'ਚ ਗੁਰਸਿੱਖ ਵਿਦਿਆਰਥੀਆਂ ਨੂੰ ਕੜਾ ਉਤਾਰਨ ਲਈ ਮਜਬੂਰ ਕਰਨ ਦਾ ਐਡਵੋਕੇਟ ਧਾਮੀ ਨੇ ਲਿਆ ਸਖਤ ਨੋਟਿਸ

### ਨੈਸ਼ਨਲ ਟੈਸਟਿੰਗ ਏਜੰਸੀ ਦੇ ਚੇਅਰਮੈਨ ਨੂੰ ਲਿਖਿਆ ਪੱਤਰ; ਜਾਂਚ ਲਈ ਸ਼੍ਰੋਮਣੀ ਕਮੇਟੀ ਨੇ ਭੇਜੀ ਟੀਮ

ਅੰਮ੍ਰਿਤਸਰ, 8 ਅਪ੍ਰੈਲ (ਪੋਸਟ ਬਿਊਰੋ): ਨੈਸ਼ਨਲ ਟੈਸਟਿੰਗ ਏਜੰਸੀ ਵੱਲੋਂ 6 ਅਪ੍ਰੈਲ ਨੂੰ ਮੋਹਾਲੀ ਵਿਖੇ ਕਰਵਾਏ ਗਏ ਜੇਈਈ ਮੇਨਸ ਦੇ ਪੇਪਰ ਦੌਰਾਨ ਸਿੱਖ ਵਿਦਿਆਰਥੀਆਂ ਦੇ ਕੜੇ ਉਤਰਵਾਉਣ ਅਤੇ ਕੜਿਆਂ ਉੱਪਰ ਟੇਪ ਲਗਾਉਣ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਨੋਟਿਸ ਲੈਂਦਿਆਂ ਪੜਤਾਲ ਦੇ ਆਦੇਸ਼ ਦਿੱਤੇ ਹਨ। ਇਸ ਸਬੰਧ ਵਿੱਚ ਪੜਤਾਲ ਦੇ ਨਾਲ-ਨਾਲ ਐਡਵੋਕੇਟ ਧਾਮੀ ਨੇ ਨੈਸ਼ਨਲ ਟੈਸਟਿੰਗ ਏਜੰਸੀ ਦੇ ਚੇਅਰਮੈਨ ਨੂੰ ਪੱਤਰ ਲਿਖ ਕੇ ਸਿੱਖਾਂ ਨਾਲ ਹੁੰਦੇ ਇਸ ਵਿਤਕਰੇ ਪ੍ਰਤੀ ਸਖ਼ਤ ਇਤਰਾਜ਼ ਪ੍ਰਗਟ ਕਰਨ ਲਈ ਵੀ ਆਖਿਆ ਹੈ।



ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਇਸ ਮਾਮਲੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੱਕ ਸਿੱਖ ਪ੍ਰੀਖਿਆਰਥੀ ਵੱਲੋਂ ਸੰਸਥਾ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਉਸ ਦਾ ਮਿਤੀ 6 ਅਪ੍ਰੈਲ ਨੂੰ ਮੋਹਾਲੀ ਦੇ ਇੱਕ ਪ੍ਰਾਈਵੇਟ ਕੇਂਦਰ ਵਿਖੇ ਨੈਸ਼ਨਲ ਟੈਸਟਿੰਗ ਏਜੰਸੀ ਜ਼ਰੀਏ ਕਰਵ-ਾਇਆ ਜਾਂਦਾ ਜੇਈਈ ਮੇਨਸ ਦਾ ਪੇਪਰ ਸੀ। ਉਨ੍ਹਾਂ ਕਿਹਾ ਕਿ ਸਿੱਖ ਪ੍ਰੀਖਿਆਰਥੀ ਅਨੁਸਾਰ ਪੇਪਰ ਕੇਂਦਰ ਦੇ ਸਟਾਫ਼ ਵੱਲੋਂ ਉਸ ਨੂੰ ਜ਼ਬਰਦਸਤੀ ਕੜਾ ਉਤਾਰਨ ਲਈ ਕਿਹਾ ਗਿਆ, ਜੋ ਕਿ ਬਰਦਾਸ਼ਤਯੋਗ ਨਹੀਂ ਅਤੇ ਦੇਸ਼ ਦੇ ਸੰਵਿਧਾਨ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਜਦੋਂ ਸਿੱਖ ਪ੍ਰੀਖਿਆਰਥੀ ਨੇ ਇਸ ਜ਼ਬਰਦਸਤੀ ਦਾ ਵਿਰੋਧ ਕੀਤਾ ਤਾਂ ਉਸ ਦੇ ਕੜੇ ਉਪਰ ਟੇਪ ਲਗਾ ਕੇ ਹੀ ਉਸ ਨੂੰ ਪੇਪਰ ਵਿੱਚ ਬੈਠਣ ਦਿੱਤਾ ਗਿਆ।

ਪ੍ਰਤਾਪ ਸਿੰਘ ਨੇ ਕਿਹਾ ਕਿ ਪੇਪਰ ਕੇਂਦਰਾਂ ਵੱਲੋਂ ਸਿੱਖ ਪ੍ਰੀਖਿਆਰਥੀਆਂ ਨਾਲ ਕੀਤਾ ਜਾਂਦਾ ਵਿਤਕਰਾ ਉਨ੍ਹਾਂ ਦੀ ਮਾਨਸਿਕਤਾ ਨੂੰ ਸੱਟ ਮਾਰਨ ਵਾਲਾ ਹੈ। ਉਨ੍ਹਾਂ ਕਿਹਾ ਕਿ ਪੇਪਰ ਤੋਂ ਪਹਿਲਾਂ ਸਬੰਧਤ ਏਜੰਸੀਆਂ ਦੇ ਸਟਾਫ਼ ਮੈਂਬਰਾਂ ਵੱਲੋਂ ਸਿੱਖ ਪ੍ਰੀਖਿਆਰਥੀਆਂ ਨਾਲ ਅਜਿਹਾ ਵਿਹਾਰ ਉਨ੍ਹਾਂ ਦੀ ਮਾਨਸਿਕਤਾ ਉੱਤੇ ਅਸਰ ਪਾਉਂਦਾ ਹੈ ਜਿਸ ਨਾਲ ਪੇਪਰ ਵਿੱਚ ਕਾਰਗੁਜ਼ਾਰੀ ਉੱਤੇ ਵੀ ਅਸਰ ਪੈਂਦਾ ਹੈ। ਉਨ੍ਹਾਂ ਕਿਹਾ ਕਿ ਕੜਾ ਸਿੱਖਾਂ ਦੇ ਪੰਜ ਕਕਾਰਾਂ ਵਿੱਚੋਂ ਇੱਕ ਕਕਾਰ ਹੈ ਅਤੇ ਇਹ ਸਿੱਖ ਪਛਾਣ, ਮੌਲਿਕ ਅਧਿਕਾਰਾਂ ਦਾ ਅਹਿਮ ਹਿੱਸਾ ਹੈ, ਜਿਸ ਨੂੰ ਇੱਕ ਸਿੱਖ ਦੇ ਸ਼ਰੀਰ ਤੋਂ ਵੱਖ ਨਹੀਂ ਕੀਤਾ ਜਾ ਸਕਦਾ।

ਪ੍ਰਤਾਪ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਆਦੇਸ਼ ਅਨੁਸਾਰ ਇਸ ਮਾਮਲੇ ਦੀ ਪੜਤਾਲ ਸਬੰਧੀ ਚੰਡੀਗੜ੍ਹ ਸਬ-ਦਫ਼ਤਰ ਵਿਖੇ ਮੀਤ ਸਕੱਤਰ ਲਖਵੀਰ ਸਿੰਘ, ਪ੍ਰਚਾਰਕ ਰਾਜਪਾਲ ਸਿੰਘ ਅਤੇ ਲੇਖਕ ਆਈ.ਟੀ. ਵਿਭਾਗ ਜਸਕਰਨ ਸਿੰਘ ਦੀ ਡਿਊਟੀ ਲਗਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਨੈਸ਼ਨਲ ਟੈਸਟਿੰਗ ਏਜੰਸੀ ਪਾਸ ਵੀ ਇਸ ਘਟਨਾ ਸਬੰਧੀ ਸਖ਼ਤ ਇਤਰਾਜ਼ ਪ੍ਰਗਟ ਕੀਤਾ ਜਾਵੇਗਾ ਅਤੇ ਪ੍ਰਾਪਤ ਰਿਪੋਰਟ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਵੇਗੀ।

# ਤਰਨਜੀਤ ਸੰਧੂ ਦੇ ਵਿਜ਼ਨ ਦਾ ਅੰਮ੍ਰਿਤਸਰ ਨੂੰ ਹੀ ਨਹੀਂ ਪੰਜਾਬ ਤੇ ਦੇਸ਼ ਨੂੰ ਵੀ ਵੱਡਾ ਲਾਭ ਮਿਲੇਗਾ : ਮੰਥਰੀ ਸ੍ਰੀ ਨਿਵਾਸੁਲੂ

### ਭਾਜਪਾ ਜ਼ਿਲ੍ਹਾ ਦਿਹਾਤੀ ਦੇ ਆਗੂਆਂ ਦੀਆਂ ਸੰਧੂ ਦੇ ਹੱਕ ਵਿਚ ਚੋਣ ਪ੍ਰਚਾਰ ਤੇਜ਼ ਕਰਨ ਲਈ ਲੱਗੀਆਂ ਡਿਊਟੀਆਂ

ਅੰਮ੍ਰਿਤਸਰ , 8 ਅਪ੍ਰੈਲ (ਗਿਆਨ ਸਿੰਘ): ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਭਾਜਪਾ ਦੇ ਉਮੀਦਵਾਰ ਸ੍ਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਦੀ ਚੋਣ ਮੁਹਿੰਮ ਨੂੰ ਉਸਾਰੂ ਤਰੀਕੇ ਨਾਲ ਅੱਗੇ ਵਧਾਉਣ ਲਈ ਜ਼ਲ੍ਹਿਾ ਭਾਜਪਾ ਦੇ ਦਫ਼ਤਰ ਵਿਚ ਜ਼ਲ੍ਹਿਾ ਦਿਹਾਤੀ ਦੇ ਜ਼ੰਮਿਵਾਰ ਅਹੁਦੇਦਾਰਾਂ ਨੂੰ ਸੰਬੋਧਨ ਕਰਦਿਆਂ ਪੰਜਾਬ ਭਾਜਪਾ ਦੇ ਸੰਗਠਨ ਮੰਤਰੀ ਮੰਥਰੀ ਸ੍ਰੀ ਨਿਵਾਸੁਲੂ ਨੇ ਭਾਜਪਾ ਦੇ ਜੁਝਾਰੂ ਆਗੂਆਂ ਨੂੰ ਲੋਕਾਂ ਦੇ ਵਿਚ ਜਾਣ ਦਾ ਆਦੇਸ਼ ਦਿੱਤਾ ਅਤੇ ਕਿਹਾ ਕਿ ਲੋਕ ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਹਨ ਕਿਉਂਕਿ ਦੇਸ਼ ਦੇ ਸੂਝਵਾਨ ਲੋਕ ਸਿਰਫ਼ ਸ੍ਰੀ ਨਰਿੰਦਰ ਮੋਦੀ ਨੂੰ ਹੀ ਮੁੜ ਦੇਸ਼ ਦਾ ਪ੍ਰਧਾਨ ਮੰਤਰੀ ਵੇਖਣਾ ਚਾਹੁੰਦੇ ਹਨ ।

ਉਹਨਾਂ ਕਿਹਾ ਕੇ ਪਾਰਟੀ ਨੇ ਤਰਨਜੀਤ ਸਿੰਘ ਸੰਧੂ ਦੇ ਰੂਪ ਵਿਚ ਅੰਮ੍ਰਿਤਸਰ ਨੂੰ ਇਕ ਸੂਝਵਾਨ ਅਤੇ ਕਾਬਲ ਉਮੀਦਵਾਰ ਦਿੱਤਾ ਹੈ। ਜਿਸ ਨੇ ਅਮਰੀਕਾ ਵਿਚ ਇਕ ਰਾਜਦੂਤ ਵਜੋਂ ਸੇਵਾ ਨਿਭਾਉਂਦਿਆਂ ਕੂਟਨੀਤੀ ਰਾਹੀ ਦੇਸ਼ ਦੀ ਸੇਵਾ ਕੀਤੀ ਅਤੇ ਭਾਰਤ ਅਮਰੀਕਾ ਸੰਬੰਧ ਨੂੰ ਭਾਈਵਾਲੀ ਵਿਚ ਬਦਲਿਆ। ਉਹਨਾਂ ਸਰਦਾਰ ਸੰਧੂ ਦਾ ਪਰਿਵਾਰਕ ਪਿਛੋਕੜ ਸਿੱਖ ਕੌਮ ਅਤੇ ਪੰਜਾਬੀਆਂ ਵਿਚ ਸਤਿਕਾਰ ਵਾਲਾ ਹੈ। ਇਸ ਨੂੰ ਹੋਰ ਪਸੇਰਿਆਂ ਕਰਦਿਆਂ ਉਨ੍ਹਾਂ ਕਿਹਾ ਅੰਮ੍ਰਿਤਸਰ ਦੇ ਭਾਗ ਚੰਗੇ ਹਨ ਕਿ ਇਸ ਵਾਰ ਜਿਹੜੇ ਉਮੀਦਵਾਰ ਨੂੰ ਸ੍ਰੀ ਨਰਿੰਦਰ ਮੋਦੀ ਜੀ ਨੇ ਇੱਥੋਂ ਚੋਣ ਲੜਨ ਲਈ ਇੱਥੇ ਭੇਜਿਆ ਹੈ ਉਨ੍ਹਾਂ ਦਾ ਵਿਜ਼ਨ ਬਹੁਤ ਵੱਡਾ ਜਿਸ ਦਾ ਸਿਰਫ਼ ਅੰਮ੍ਰਿਤਸਰ ਨੂੰ ਹੀ ਨਹੀਂ ਪੰਜਾਬ ਅਤੇ ਦੇਸ਼ ਨੂੰ ਵੀ ਬਹੁਤ ਵੱਡਾ ਲਾਭ ਮਿਲਣ ਵਾਲਾ ਹੈ । ਉਨ੍ਹਾਂ ਕਿ ਸ੍ਰ ਤਰਨਜੀਤ ਸਿੰਘ ਸੰਧੂ ਆਪਣੇ ਉਸ ਪਰਿਵਾਰ ਦੀ ਵਿਰਾਸਤ ਨੂੰ ਹੀ ਅੱਗੇ ਲੈ ਕੇ ਜਾਣ ਵਾਲੇ ਹਨ ਜਿਨ੍ਹਾਂ ਦੀਆਂ ਪੰਜਾਬ ਦੇ ਇਤਿਹਾਸ ਵਿਚ ਵੱਖਰੀਆਂ ਹੀ ਪੈੜਾਂ ਹਨ ਅਤੇ ਉਸ ਤੇ ਸਾਰੇ ਪੰਜਾਬੀਆਂ ਨੂੰ ਮਾਣ ਹੈ ।

ਉਹਨਾਂ ਸੰਧੂ ਦੀ ਵੱਡੀ ਲੀਡ ਨਾਲ ਜਿੱਤ ਯਕੀਨੀ ਬਣਾਉਣ ਲਈ ਘਰ ਘਰ ਜਾਣ ਅਤੇ ਚੋਣ ਪ੍ਰਚਾਰ ਕਰਨ ਲਈ ਕਿਹਾ। ਇਸ ਮੌਕੇ ਭਾਜਪਾ ਉਮੀਦਵਾਰ ਸਰਦਾਰ ਤਰਨਜੀਤ ਸਿੰਘ ਸੰਧੂ ਨੇ ਕਿਹਾ ਪੂਰੇ ਦੇਸ਼ ਵਿਚ ਨਰਿੰਦਰ ਮੋਦੀ ਦੀ ਲਹਿਰ ਚੱਲ ਰਹੀ ਹੈ। ਲੋਕ ਭਾਜਪਾ ਦੇ ਨਾਲ ਦਿਲੋਂ ਜੁੜੇ ਹੋਏ ਹਨ। ਇਹ ਸਮਾਂ ਸਿਰਫ਼ ਉਨ੍ਹਾਂ ਕੋਲ ਪਹੁੰਚ ਕਰਨ ਅਤੇ ਭਾਜਪਾ ਦੀਆਂ ਨੀਤੀਆਂ ਨੂੰ ਲੋਕਾਂ ਕੋਲ ਪਹੁੰਚਾਉਣ ਦਾ ਹੈ ਜਿਸ ਦੇ ਲਈ ਹਰੇਕ ਵਰਕਰ ਨੂੰ ਆਪਣੀਆਂ ਤਿਆਰੀਆਂ ਕਸ ਲੈਣੀਆਂ ਚਾਹੀਦੀਆਂ ਹਨ । ਉਨ੍ਹਾਂ ਕਿਹਾ ਕਿ ਉਹਨਾਂ ਦਾ ਮਕਸਦ ਅੰਮ੍ਰਿਤਸਰ ਨੂੰ ਇਸ ਦਾ ਪਹਿਲੇ ਵਾਲਾ ਦਰਜਾ ਮੁੜ ਦਿਵਾਉਣ ਦਾ ਹੈ। ਅੰਮ੍ਰਿਤਸਰ ਤੇ ਸਰਹੱਦੀ ਖੇਤਰ ਦੇ ਵਿਕਾਸ ਲਈ ਉਹ ਜੀ ਜਾਨ ਲਾਉਣਗੇ ਅਤੇ ਮੋਦੀ ਤੋਂ ਵਿਸ਼ੇਸ਼ ਪੈਕੇਜ ਲਿਆਂਦਾ ਜਾਵੇਗਾ। ਇਹ ਵੀ ਕਿਹਾ ਕਿ ਅੰਮ੍ਰਿਤਸਰ ਦੇ ਸੂਝਵਾਨ ਲੋਕ ਇਸ ਗੱਲ ਨੂੰ ਹੁਣ ਭਲੀਭਾਂਤ ਸਮਝ ਗਏ ਹਨ ਕਿ ਇਸ ਵਾਰ ਕੋਈ ਵੀ ਗ਼ਲਤੀ ਨਹੀਂ ਕਰਨਗੇ ਅਤੇ ਭਾਜਪਾ ਦੇ ਹੀ ਉਮੀਦਵਾਰ ਨੂੰ ਇੱਥੋਂ ਜਿਤਾ ਕੇ ਭੇਜਣਗੇ । ਇਸ ਤੋਂ ਪਹਿਲਾਂ ਭਾਜਪਾ ਉਮੀਦਵਾਰ ਸ੍ਰ ਤਰਨਜੀਤ ਸਿੰਘ ਸੰਧੂ ਨੂੰ ਉਨ੍ਹਾਂ ਦਾ ਇੱਥੇ ਪੁੱਜਣ ਤੇ ਸਵਾਗਤ ਕੀਤਾ ਅਤੇ ਹੁਣ ਤਕ ਦੀ ਚੋਣ ਮੁਹਿੰਮ ਤੋਂ ਉਨ੍ਹਾਂ ਨੂੰ ਜਾਣੂ ਕਰਵਾਇਆ । ਉਨ੍ਹਾਂ ਆਪਣੇ ਅੰਮ੍ਰਿਤਸਰ ਵਿਜ਼ਨ ਤੋਂ ਵੀ ਜਾਣੂ ਕਰਵਾਇਆ ਜਿਸ ਦੀ ਪ੍ਰੇਰਣਾ ਉਨ੍ਹਾਂ ਨੂੰ ਪਰਿਵਾਰ ਦੀ ਵਿਰਾਸਤ ਵਿੱਚੋਂ ਮਿਲੀ ਹੈ । ਉਨ੍ਹਾਂ ਕਿਹਾ ਅੰਮ੍ਰਿਤਸਰ ਦੀ ਜਿੰਨੀ ਵਿਸ਼ਵ ਵਿਚ ਮਹਾਨਤਾ ਹੈ ਉਸ ਨੂੰ ਸਮਝਣ ਅਤੇ ਉਸ ਅਨੁਸਾਰ ਹੋਰ ਕੰਮ ਕਰਨ ਦੀ ਲੋੜ ਹੈ ਜਿਸ ਦੇ ਲਈ ਉਹ ਲੱਗੇ ਹੋਏ ਹਨ । ਉਨ੍ਹਾਂ ਕਿਹਾ ਕਿ ਮੈਨੂੰ ਪੂਰਾ ਯਕੀਨ ਹੈ ਕਿ ਅੰਮ੍ਰਿਤਸਰ ਦੇ ਲੋਕ ਉਨ੍ਹਾਂ ਦਾ ਅੰਮ੍ਰਿਤਸਰ ਨੂੰ ਹੋਰ ਉੱਚਾ ਚੁੱਕਣ ਲਈ ਪੂਰਾ ਸਹਿਯੋਗ ਦੇਣਗੇ । ਇਸ ਮੌਕੇ ਭਾਜਪਾ ਆਗੂ ਜਗਮੋਹਨ ਸਿੰਘ ਰਾਜੂ, ਰਾਜਿੰਦਰ ਮੋਹਨ ਸਿੰਘ ਛੀਨਾ, ਜ਼ਲ੍ਹਿਾ ਪ੍ਰਧਾਨ ਮਨਦੀਪ ਸਿੰਘ ਮੰਨਾਂ, ਅਮਰਪਾਲ ਸਿੰਘ ਬੋਨੀ ਅਜਨਾਲਾ ਪ੍ਰਧਾਨ ਓਬੀਸੀ, ਮੁਖਵਿੰਦਰ ਸਿੰਘ ਬੱਲ, ਬੀਬੀ ਬਲਵਿੰਦਰ ਕੌਰ ਦੇਵਗਨ, ਪ੍ਰਦੀਪ ਸਿੰਘ ਭੁੱਲਰ , ਪ੍ਰੋਫ਼ੈਸਰ ਸਰਚਾਂਦ ਸਿੰਘ ,ਸੁਸ਼ੀਲ ਦੇਵਗਨ ਨੇ ਵਿਸ਼ਵਾਸ ਦਵਾਇਆ ਕਿ ਉਹ ਮੋਦੀ ਸਰਕਾਰ ਦੀਆਂ ਪ੍ਰਾਪਤੀਆਂ ਲੋਕਾਂ ਵਿਚ ਲੈ ਕੇ ਜਾਣਗੇ ਅਤੇ ਭਾਜਪਾ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਨੂੰ ਅੰਮ੍ਰਿਤਸਰ ਦਿਹਾਤੀ ਵਿੱਚੋਂ ਵੱਡੀ ਲੀਡ ਨਾਲ ਜਿਤਾ ਕੇ ਪਾਰਲੀਮੈਂਟ ਵਿਚ ਭੇਜਣਗੇ । ਇਸ ਲਈ ਉਹ ਮਿਲ ਕੇ ਸੰਧੂ ਦੇ ਹੱਕ ਵਿਚ ਲੋਕਾਂ ਨੂੰ ਵੋਟਾਂ ਪਾਉਣ ਲਈ ਪ੍ਰੇਰਿਤ ਕਰਨਗੇ । ਉਨ੍ਹਾਂ ਇਹ ਵੀ ਵਿਸ਼ਵਾਸ ਦਵਾਇਆ ਕਿ ਇਸ ਸਮੇਂ ਚੋਣ ਮੁਹਿੰਮ ਨੂੰ ਹੋਰ ਪੱਕੇ ਪੈਰੀਂ ਕਰਨ ਲਈ ਉਹ ਦਿਨ ਰਾਤ ਇੱਕ ਕਰ ਦੇਣਗੇ ਤਾਂ ਕਿ ਭਵਿੱਖ ਵਿਚ ਅੰਮ੍ਰਿਤਸਰ ਵਿਕਾਸ ਪੱਖੋਂ ਇਸ ਵਾਰ ਵਿਰਵਾ ਨਾ ਰਹਿ ਜਾਵੇ। ਇਸ ਮੌਕੇ ਭਾਜਪਾ ਦੇ ਵੱਖ-ਵੱਖ ਵਿੰਗਾਂ ਦੇ ਪ੍ਰਧਾਨਾਂ ਅਤੇ ਹੋਰ ਅਹੁਦੇਦਾਰਾਂ ਨੇ ਆਪਣੀ ਭਰਵੀਂ ਹਾਜ਼ਰੀ ਲਗਵਾਈ । ਇਸ ਮੌਕੇ ਚੋਣ ਪ੍ਰਚਾਰ ਨੂੰ ਹੋਰ ਤੇਜ਼ ਕਰਨ ਲਈ ਵੱਖ-ਵੱਖ ਕਮੇਟੀਆਂ ਦਾ ਗਠਨ ਵੀ ਕੀਤਾ ਗਿਆ ਅਤੇ ਉਨ੍ਹਾਂ ਦੀਆਂ ਡਿਊਟੀਆਂ ਵੀ ਸਮਝਾਈਆਂ ਗਈਆਂ ।

# ਪਾਕਿਸਤਾਨ ਵਿਚ ਅੱਤਵਾਦੀ ਹਮਲੇ ਵਿਚ 6 ਸੁਰੱਖਿਆਕਰਮੀ ਅਤੇ 12 ਅੱਤਵਾਦੀ ਮਾਰੇ ਗਏ

ਕਵੇਟਾ, 8 ਅਪ੍ਰੈਲ (ਪੋਸਟ ਬਿਊਰੋ) : ਪਾਕਿਸਤਾਨ ਦਾ ਅਸ਼ਾਂਤ ਖੇਤਰ ਖ਼ੈਬਰ ਪਖਤੂਨਖਵਾ ਇਕ ਵਾਰ ਫਿਰ ਵੱਡੇ ਅੱਤਵਾਦੀ ਹਮਲੇ ਨਾਲ ਹਿੱਲ ਗਿਆ ਹੈ। ਇੱਥੇ ਲਗਾਤਾਰ ਅੱਤਵਾਦੀ ਘਟਨਾਵਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਦੱਸ ਦਈਏ ਕਿ ਖ਼ੈਬਰ ਪਖਤੂਨਖਵਾ ਅਤੇ ਬਲੋਚਿਸਤਾਨ ਸੂਬੇ 'ਚ ਪਿਛਲੇ ਦੋ ਦਿਨਾਂ 'ਚ ਹੋਈਆਂ ਅੱਤਵਾਦੀ ਘਟਨਾਵਾਂ ਅਤੇ ਸੁਰੱਖਿਆ ਆਪਰੇਸ਼ਨਾਂ 'ਚ ਇਕ ਸੀਨੀਅਰ ਪੁਲਸ ਅਧਿਕਾਰੀ ਸਮੇਤ 6 ਸੁਰੱਖਿਆ ਕਰਮੀ ਅਤੇ 12 ਅੱਤਵਾਦੀ ਮਾਰੇ ਗਏ ਹਨ। ਅਧਿਕਾਰੀਆਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਪਾਕਿਸਤਾਨ ਆਰਮਡ ਫੋਰਸਿਜ਼ ਦੇ ਮੀਡੀਆ ਵਿੰਗ ਇੰਟਰ-ਸਰਵਿਸਜ਼ ਪਬਲਿਕ ਰਿਲੇਸ਼ਨਜ਼ (ਆਈਐਸਪੀਆਰ) ਨੇ ਕਿਹਾ ਕਿ ਬਲੋਚਿਸਤਾਨ ਸੂਬੇ ਵਿੱਚ ਦੋ ਘਟਨਾਵਾਂ ਵਿੱਚ ਚਾਰ ਅੱਤਵਾਦੀ ਮਾਰੇ ਗਏ ਹਨ।



ਆਈਐਸਪੀਆਰ ਨੇ ਕਿਹਾ ਕਿ ਖ਼ੈਬਰ ਪਖਤੂਨਖਵਾ (ਕੇਪੀ) ਵਿੱਚ ਡੇਰਾ ਇਸਮਾਈਲ ਖਾਨ ਜ਼ਿਲ੍ਹੇ ਵਿੱਚ ਕੁਲਚੀ ਤਹਿਸੀਲ ਦੇ ਕੋਟ ਸੁਲਤਾਨ ਖੇਤਰ ਵਿੱਚ ਸੁਰੱਖਿਆ ਬਲਾਂ ਦੁਆਰਾ ਚਲਾਈ ਗਈ ਮੁਹਿੰਮ ਦੌਰਾਨ ਅੱਠ ਅੱਤਵਾਦੀ ਮਾਰੇ ਗਏ। ਉਨ੍ਹਾਂ ਦੱਸਿਆ ਕਿ ਸੁਰੱਖਿਆ ਬਲਾਂ ਨੇ ਮਾਰੇ ਗਏ ਅੱਤਵਾਦੀਆਂ ਕੋਲੋਂ ਹਥਿਆਰ, ਗੋਲਾ ਬਾਰੂਦ ਅਤੇ ਵਿਸਫੋਟਕ ਬਰਾਮਦ ਕੀਤੇ ਹਨ। ਸ਼ੁੱਕਰਵਾਰ ਰਾਤ ਨੂੰ ਖ਼ੈਬਰ ਪਖਤੂਨਖਵਾ ਦੇ ਲੱਕੀ ਮਰਵਤ ਵਿੱਚ ਦੋਹਰੇ ਅੱਤਵਾਦੀ ਹਮਲਿਆਂ ਵਿੱਚ ਇੱਕ ਡਿਪਟੀ ਸੁਪਰਡੈਂਟ ਆਫ਼ ਪੁਲਿਸ (ਡੀਐਸਪੀ) ਅਤੇ ਦੋ ਪੁਲਿਸ ਕਰਮਚਾਰੀ ਮਾਰੇ ਗਏ, ਜਦੋਂ ਕਿ ਇੱਕ ਕਾਂਸਟੇਬਲ ਜ਼ਖਮੀ ਹੋ ਗਿਆ।


SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa

■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਬਰਾੜ ਗਰਾਜ ਡੋਰ

ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS

We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

# ਸਵੀਪ ਪ੍ਰੋਜੈਕਟ ਤਹਿਤ ਵਿਦਿਆਰਥਣਾਂ ਨੇ ਮਹਿੰਦੀ ਲਗਾਉਣ ਦੇ ਮੁਕਾਬਲੇ ਰਾਹੀਂ ਵੋਟ ਦੇ ਅਧਿਕਾਰ ਦੀ ਵਰਤੋਂ ਦਾ ਦਿੱਤਾ ਸੰਦੇਸ਼

ਫ਼ਰੀਦਕੋਟ, 8 ਅਪ੍ਰੈਲ (ਪੋਸਟ ਬਿਊਰੋ): ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਫ਼ਰੀਦਕੋਟ ਵਿਨੀਤ ਕੁਮਾਰ ਦੀ ਯੋਗ ਅਗਵਾਈ ਅਤੇ ਜ਼ਿਲ੍ਹਾ ਨੋਡਲ ਅਫ਼ਸਰ ਸਵੀਪ-ਕਮ- ਉਪ ਜਿਲਾ ਸਿੱਖਿਆ ਅਫ਼ਸਰ ਸੈਕੰਡਰੀ ਫ਼ਰੀਦਕੋਟ ਸ੍ਰੀ ਪ੍ਰਦੀਪ ਦਿਓੜਾ, ਸਹਾਇਕ ਜਲਿਾ ਨੋਡਲ ਅਫ਼ਸਰ ਜਸਬੀਰ ਸਿੰਘ ਜੱਸੀ ਦੀ ਦੇਖ-ਰੇਖ ਹੇਠ ਲੋਕ ਸਭਾ ਚੋਣਾਂ 2024 'ਚ ਵੋਟਰਾਂ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਵਾਸਤੇ ਘਰ-ਘਰ ਜਾ ਕੇ ਵੋਟ ਦੀ ਮਹੱਤਤਾ ਦੱਸ ਕੇ, ਸਲੋਗਨ ਤਿਆਰ ਕਰਕੇ, ਵੋਟਰ ਪ੍ਰਣ ਕਰਵਾ ਕੇ, ਰੈਲੀ ਕੱਢ ਕੇ, ਵੱਖ-ਵੱਖ ਸੰਸਥਾਵਾਂ 'ਚ ਜਾ ਕੇ ਆਮ ਲੋਕਾਂ ਨੂੰ ਵੋਟ ਦੇ ਅਧਿਕਾਰ ਦੀ ਵਰਤੋਂ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ ।

ਵਿੱਦਿਅਕ ਸੰਸਥਾਵਾਂ ਜਾ ਕੇ ਯੰਗ ਵੋਟਰਾਂ ਨੂੰ , ਪੀ.ਡਬਲਿਯੂ ਵੋਟਰਜ਼ ਨੂੰ , 85 ਸਾਲ ਤੋਂ ਵੱਧ ਉਮਰ ਦੇ ਵੋਟਰਾਂ ਨੂੰ ਇਸ ਵਾਰ ਵੋਟ ਦੇ ਅਧਿਕਾਰ ਦੀ ਵਰਤੋਂ ਵਾਸਤੇ ਨਿਰੰਤਰ ਪ੍ਰੇਰਿਤ ਕੀਤਾ ਜਾ ਰਿਹਾ ਹੈ । ਇਸ ਲੜੀ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੱਖੜਵਾਲਾ ਵਿਖੇ ਮਿਸ਼ਨ ਸਵੀਪ ਤਹਿਤ ਮਹਿੰਦੀ ਲਗਾਉਣ ਦੇ ਮੁਕਾਬਲੇ ਕਰਵਾਏ ਗਏ । ਇਸ ਮੌਕੇ ਸਟੇਟ ਐਵਾਰਡੀ ਸਕੂਲ ਮੁਖੀ ਜਸਵਿੰਦਰਪਾਲ ਸਿੰਘ ਨੇ ਸਮੂਹ ਸਟਾਫ਼,ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਵੋਟ ਦੇ ਅਧਿਕਾਰ ਦੀ ਵਰਤੋਂ ਲਈ ਆਪਣੇ ਸੰਪਰਕ 'ਚ ਆਉਣ ਵਾਲੇ ਸਮੂਹ ਲੋਕਾਂ ਨੂੰ ਨਿਰੰਤਰ ਜਾਗਰੂਕ ਕੀਤਾ ਜਾਵੇ । ਇਸ ਮੌਕੇ ਕਰਵਾਏ ਮਹਿੰਦੀ ਲਗਾਉਣ ਦੇ ਮੁਕਾਬਲ 'ਚ ਵਿਦਿਆਰਥਣਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ।





ਇਸ ਮੌਕੇ ਸਕੂਲ ਮੁਖੀ ਜਸਵਿੰਦਰ ਸਿੰਘ ਮਿੰਟੂ ਨੇ ਦੱਸਿਆ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇ ਨਜ਼ਰ ਆਮ ਲੋਕਾਂ 'ਚ ਵੱਧ ਤੋਂ ਵੱਧ ਵੋਟਿੰਗ ਕਰਨ ਦੇ ਉਦੇਸ਼ ਤਹਿਤ ਮਿਸ਼ਨ ਸਵੀਪ ਤਹਿਤ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ । ਸਕੂਲ ਦੇ ਵੋਕੇਸ਼ਨਲ ਵਿੰਗ 'ਬਿਊਟੀ ਐਂਡ ਵੈੱਲਨੈਸ' ਦੇ ਇੰਚਾਰਜ ਸੁਖਵਿੰਦਰ ਕੌਰ ਨੇ ਦੱਸਿਆ ਕਿ ਇਸ ਜਾਗਰੂਕਤਾ ਮੁਹਿੰਮ ਦੌਰਾਨ ਵਿਦਿਆਰਥਣਾਂ ਨੇ ਆਪਣੇ ਹੱਥਾਂ ਉਪਰ ਮਹਿੰਦੀ ਨਾਲ 'ਮਤਦਾਨ ਮੇਰਾ ਅਧਿਕਾਰ', 'ਵੋਟ ਪਾਉਣ ਦਾ ਸਿੰਬਲ' ਅਤੇ 'ਸਾਰੇ ਕਾਮ ਛੋੜ ਦੋ ਸਭ ਸੇ ਪਹਿਲੇ ਵੋਟ ਦੋ' ਆਦਿ ਨਾਅਰੇ ਲਿਖ ਕੇ ਇਸ ਮੁਹਿੰਮ 'ਚ ਸ਼ਰਿਕਤ ਕੀਤੀ । ਸਮੂਹ ਸਟਾਫ਼ ਵੱਲੋਂ ਸਾਰੀਆਂ ਪ੍ਰਤੀਭਾਗੀ ਬੇਟੀਆਂ ਦੀ ਹੌਂਸਲਾ ਅਫ਼ਜਾਈ ਕੀਤੀ ਗਈ । ਇਸ ਮੌਕੇ ਮੁਕਾਬਲੇ ਨੂੰ ਕਰਾਉਣ ਲਈ ਕੰਵਲਜੀਤ ਕੌਰ, ਗੁਰਪ੍ਰੀਤ ਕੌਰ, ਰੁਪਿੰਦਰ ਕੌਰ, ਦਰਸ਼ਨ ਵਰਮਾ, ਮਿਸਟਰ ਸੌਰਭ, ਤਰਸੇਮ ਸਿੰਘ ਨੇ ਯੋਗਦਾਨ ਦਿੱਤਾ।

TechSpirit
Consultation, Installation & Servicing
Specialized in:
• Analog & IP security cameras • Installation & Maintenance, Upgrade • Video Doorbell Installation
Call: 905-621-4100
7-8770 The Gore Road, Brampton, ON L6P 0B1
1080p HD ਦੇ 4 ਸਿਕਉਰਿਟੀ ਕੈਮਰੇ ਸਿਰਫ $999 ਵਿੱਚ ਲਗਵਾਓ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well settled Ramgarhia Family living in Winnipeg from 16 years looking for a suitable match for their son 33-year-old,5-10 Tall, clean shaved, Active in Real Estate Business and financing Business Manitoba and Ontario.
Contact number-204-510-7658 and 519-917-5055.

7Feb

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।
ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ।
ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto.
Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜ਼ਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਸੈਲ ਐਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਚੋਣ-ਜੰਗ ਨੂੰ ਜਦੋਂ ਜੰਗ ਮੰਨ ਲਉ ਤਾਂ ਅਸੂਲ-ਨਿਯਮ ਬਾਰੇ ਸੋਚਣ ਦੀ ਲੋੜ ਨਹੀਂ ਰਹਿੰਦੀ



ਜਤਿੰਦਰ ਪਨੂੰ ਦੀ ਕਲਮ ਤੋਂ

ਚੋਣਾਂ ਨੂੰ ਆਮ ਬੋਲੀ ਵਿੱਚ ਅੱਜ ਦੇ ਯੁੱਗ ਦੀ ਸੱਤਾ-ਜੰਗ ਕਿਹਾ ਜਾਂਦਾ ਹੈ। ਇਹ ਸੱਚ ਵੀ ਹੈ। ਪੁਰਾਤਨ ਵਕਤਾਂ ਤੋਂ ਲੈ ਕੇ ਜਿੰਨੇ ਵੀ ਰਾਜੇ-ਮਹਾਰਾਜੇ ਹੋਏ ਹਨ, ਉਹ ਸਭ ਆਪਣੇ ਦੇਸ਼ ਜਾਂ ਰਾਜ ਦੇ ਤਖਤ ਉੱਤੇ ਕਬਜ਼ੇ ਲਈ ਜੰਗਾਂ ਲੜਦੇਹੁੰਦੇ ਸਨ। ਕਈ ਵਾਰ ਨਿੱਕੀ ਜਿਹੀ ਗੱਲ ਦਾ ਬਹਾਨਾ ਬਣਾ ਕੇ ਸੱਤਾ ਲਈ ਜੰਗ ਲੜੀ ਜਾਂਦੀ ਸੀ ਅਤੇ ਸੱਤਾ ਦੇ ਭੁੱਖੇ ਇੱਕ ਜਾਂ ਦੂਸਰੇ ਵਿਅਕਤੀ ਦੀ ਅਣਖ ਦਾ ਸਵਾਲ ਬਣੀ ਉਹ ਜੰਗ ਫਿਰ ਉਸ ਰਾਜ ਦੇ ਲੋਕਾਂ ਦੀ ਅਣਖ ਦਾ ਇਹੋ ਜਿਹਾ ਸਵਾਲ ਬਣਾਈ ਜਾਂਦੀ ਸੀ, ਜਿਸ ਵਿੱਚ ਮਰਦੇ ਆਮ ਲੋਕ ਸਨ ਅਤੇ ਰਾਜ ਕਰਨ ਦਾ ਮੌਕਾ ਜੰਗ ਦੀ ਚਿੰਗਾੜੀ ਬਾਲਣ ਵਾਲਾ ਰਾਜਾ ਜਾਂ ਉਸ ਦਾ ਵਿਰੋਧੀ ਕੋਈ ਸੱਤਾ ਦਾ ਭੁੱਖਾ ਲੈ ਜਾਂਦਾ ਸੀ। ਜਿੰਨਾ ਵੱਧ ਖੂਨ ਵਗ ਜਾਂਦਾ ਜਾਂ ਅਸਲ ਵਿੱਚ ਵਗਾਇਆ ਜਾਂਦਾ ਸੀ, ਓਨਾ ਵੱਧ ਉਸ ਰਾਜੇ ਦਾ ਰਾਜ ਪੱਕਾ ਹੋ ਜਾਂਦਾ ਸੀ ਅਤੇ ਕਈ ਵਾਰੀ ਉਹ ਰਾਜ ਏਨਾ ਪੱਕਾ ਹੋ ਜਾਂਦਾ ਸੀ ਕਿ ਅਗਲੀ ਪੀੜ੍ਹੀ ਨਹੀਂ, ਅਗਲੀਆਂ ਕਈ ਪੀੜ੍ਹੀਆਂ ਵੀ ਐਸ਼ ਦੀ ਜ਼ਿੰਦਗੀ ਜਿਊਂਦੀਆਂ ਤੇ ਲੋਕਾਂ ਦਾ ਖੂਨ ਪੀਂਦੀਆਂ ਸਨ। ਬਹੁਤ ਸਾਰੇ ਮਹਾਨ ਕਹੇ ਜਾਂਦੇ ਰਾਜਿਆਂ ਤੇ ਮਹਾਰਾਜਿਆਂ ਨੇ ਆਪਣੇ ਭਾਈਚਾਰੇ ਅਤੇ ਕਈ ਵਾਰੀ ਉਨ੍ਹਾਂ ਦੇ ਆਪਣੇ ਪਰਵਾਰ ਦੇ ਲੋਕਾਂ ਦਾ ਵੀ ਲਹੂ ਵਗਾ ਕੇ ਏਦਾਂ ਦਾਰਾਜ ਮਾਣਿਆ ਸੀ। ਲੋਕਤੰਤਰੀ ਜੰਗ ਵਿੱਚ ਵੀ ਇਹ ਕੁਝ ਹੋ ਸਕਦਾ ਹੈ।

ਅਸੀਂ ਇਹ ਗੱਲ ਰੱਦ ਨਹੀਂ ਕਰਦੇ ਕਿ ਹਰ ਰਾਜ-ਕਰਤਾ ਸਿਰਫ ਤੇ ਸਿਰਫ ਖੂਨ ਵਗਾ ਕੇ ਅੱਗੇ ਨਹੀਂ ਆਉਂਦਾ, ਕਈ ਵਾਰ ਕੁਝ ਆਗੂ ਆਪਣੀ ਹਰਮਨ-ਪਿਆਰਤਾ ਨਾਲ ਵੀ ਅੱਗੇ ਆਉਂਦੇ ਹਨ, ਪਰ ਬੀਤੇ ਦਾ ਤਜਰਬਾ ਜਿਹੜੀਆਂ ਮਿਸਾਲਾਂ ਸੰਭਾਲੀ ਬੈਠਾ ਹੈ, ਉਨ੍ਹਾਂ ਵਿੱਚ ਬੇਗਾਨਾ ਖੂਨ ਵਗਾ ਕੇ ਖੁਦ ਉਸ ਦਾ ਲਾਹਾ ਲੈਣ ਦੀਆਂ ਵੱਧ ਹਨ। ਲੋਕਤੰਤਰੀ ਦੌਰ ਵਿੱਚ ਵੀ ਇਹ ਦੋਵੇਂ ਤਰ੍ਹਾਂ ਦੀਆਂ ਮਿਸਾਲਾਂ ਮਿਲ ਜਾਂਦੀਆਂ ਹਨ, ਪਰ ਅੱਜਕੱਲ੍ਹ ਭਾਰਤ ਹੋਵੇ ਜਾਂ ਅਮਰੀਕਾ, ਲੀਡਰਾਂ ਸਿਰ ਸੱਤਾ ਦਾ ਨਸ਼ਾ ਏਨੀ ਬੁਰੀ ਤਰ੍ਹਾਂ ਸਵਾਰ ਹੈ ਕਿ ਉਹ ਕਿਸੇ ਵੀ ਹੱਦ ਤੱਕ ਜਾਣ ਅਤੇ ਕੁਝ ਵੀ ਕਰ ਕੇ ਸੱਤਾ ਹਾਸਲ ਕਰਨ ਨੂੰਕਾਹਲੇ ਹਨ। ਭਾਰਤੀ ਪਾਰਲੀਮੈਂਟ ਚੋਣ ਵੀ ਦੇਸ਼ ਨੂੰ ਇਸੇ ਰਾਹੇ ਪਾ ਸਕਦੀ ਹੈ। ਇਸੇ ਕਰ ਕੇ ਆਮ ਜਨਤਾ ਦੇ ਮੂਲ ਮੁੱਦਿਆਂ ਦੀ ਥੋੜ੍ਹੀ ਜਿਹੀ ਚਰਚਾ ਅਤੇ ਉਹ ਵੀ ਬਹੁਤਾ ਕਰ ਕੇ ਗੁੰਮਰਾਹ ਕਰਨ ਵਾਲੀ ਹੁੰਦੀ ਹੈ ਤੇ ਬਹੁਤਾ ਕਰ ਕੇ ਉਨ੍ਹਾਂ ਨੂੰ ਦੂਸਰੇ ਭਾਈਚਾਰੇ ਜਾਂ ਦੂਸਰੀ ਵਿਚਾਰਧਾਰਾ ਦੇ ਵਿਰੁੱਧ ਉਕਸਾ ਕੇ ਲੜਨ ਵਾਲਾ ਜਨੂੰਨ ਭਰਨ ਦਾ ਜ਼ੋਰ ਲਾਇਆ ਜਾਂਦਾ ਹੈ। ਕਲਾਕਾਰਾਂ ਨੂੰ ਅਸੀਂ ਬੜੇ ਕੋਮਲ-ਭਾਵੀ ਸਮਝਿਆ ਕਰਦੇ ਸਾਂ, ਪਰ ਇਸ ਵਕਤ ਕਲਾਕਾਰਾਂ ਵਿੱਚੋਂ ਵੀ ਕਈ ਜਣੇ ਚੋਣ-ਜੰਗ ਵਿੱਚ ਇੱਕ ਜਾਂ ਦੂਸਰੇ ਰਾਜਸੀ ਆਗੂ ਦੇ ਹੱਥ-ਠੋਕੇ ਬਣਨ ਕਰ ਕੇ ਆਮ ਲੋਕਾਂ ਦਾ ਘਾਣ ਕਰਨ ਦੇ ਰਾਹ ਪਏ ਫਿਰਦੇ ਹਨ ਜਾਂ ਹਕੂਮਤੀ ਜਲੌਅ ਨੇ ਉਨ੍ਹਾਂ ਦੀਆਂ ਅੱਖਾਂ ਇਸ ਹੱਦ ਤੱਕ ਚੁੰਧਿਆ ਦਿੱਤੀਆਂ ਹਨ ਕਿ ਉਹ ਵੀ ਸੱਤਾ ਹਾਸਲ ਕਰਨ ਦਾ ਸੁਫਨਾ ਪੂਰਾ ਕਰਨ ਲਈ ਹਰ ਹੱਦ ਟੱਪ ਜਾਣ ਵਾਸਤੇ ਤਿਆਰ ਹਨ। ਜੰਮੂ-ਕਸ਼ਮੀਰ ਦੇ ਮਾੜੇ ਹਾਲਾਤ ਬਾਰੇ ਇੱਕਤਰਫਾ ਫਿਲਮਾਂ ਬਣਾਉਣ ਦੇ ਬਾਅਦ ਕੇਰਲਾ ਦੇ ਹਾਲਾਤ ਬਾਰੇ ਓਦਾਂ ਦੀ ਇੱਕਤਰਫਾ ਫਿਲਮ ਬਣਾ ਕੇ ਚੋਣਾਂਦੌਰਾਨ ਉਸ ਦੀ ਚਰਚਾ ਛੇੜਨਾ ਵੀ ਇਸੇ ਘਟੀਆ ਕਿਸਮ ਦੀ ਸੱਤਾ-ਪ੍ਰਾਪਤੀ ਦੀ ਖਾਹਿਸ਼ ਦਾ ਹਿੱਸਾ ਹੈ।

ਐਨ ਚੋਣਾਂ ਨੇੜੇ ਆਣ ਕੇ ਅਲਾਹਾਬਾਦ ਹਾਈ ਕੋਰਟ ਦਾ ਇਹ ਫੈਸਲਾ ਆ ਗਿਆ ਕਿ ਉੱਤਰ ਪ੍ਰਦੇਸ਼ਦਾ ਪੈਂਤੀ ਕੁ ਸਾਲ ਪਹਿਲਾਂ ਬਣਾਇਆ ਮਦਰੱਸਾ ਐਕਟ ਗਲਤ ਸੀ। ਇਸ ਐਕਟ ਬਾਰੇ ਕੇਸ ਅਦਾਲਤ ਵਿੱਚ ਜਾਣ ਵੇਲੇ ਉਸ ਰਾਜ ਦੀ ਸਰਕਾਰ ਨੇ ਪੂਰੀ ਪੈਰਵੀ ਨਹੀਂ ਸੀ ਕੀਤੀ ਅਤੇ ਅਦਾਲਤ ਨੇ ਐਕਟ ਵਿਰੁੱਧ ਹੁਕਮ ਦੇ ਦਿੱਤਾ।ਓਥੋਂ ਹੁਕਮ ਮਿਲਦੇਸਾਰ ਮਦਰ-ੱਸੇ ਬੰਦ ਕਰਨ ਦੀ ਤਿਆਰੀ ਕੀਤੀ ਜਾਣ ਲੱਗ ਪਈ। ਮੁੱਦਾ ਸੁਪਰੀਮ ਕੋਰਟ ਪਹੁੰਚ ਗਿਆ। ਜਿਹੜੇ ਵਕੀਲਾਂ ਨੇ ਓਥੇ ਇਸ ਹੁਕਮ ਦਾ ਵਿਰੋਧ ਕੀਤਾ, ਉਨ੍ਹਾਂ ਵਿੱਚੋਂ ਇੱਕ ਜਣਾ ਪਹਿਲਾਂ ਨਰਿੰਦਰ ਮੋਦੀ ਦੀ ਕੇਂਦਰ ਸਰਕਾਰ ਵੱਲੋਂ ਵਕੀਲ ਰਹਿ ਚੁੱਕਾ ਸੀ, ਪਰ ਇਸ ਵਾਰੀ ਉਹ ਵਕੀਲ ਵਜੋਂ ਦੂਸਰੇ ਪੱਖ ਤੋਂ ਪੇਸ਼ ਹੋਇਆ ਤਾਂ ਕੋਰਟ ਵਿੱਚ ਨਕਸ਼ਾ ਹੀ ਪਲਟ ਗਿਆ। ਮਦਰੱਸਿਆਂਖਿਲਾਫ ਵੱਡੀ ਗੱਲ ਇਹ ਆਖੀ ਜਾ ਰਹੀ ਸੀ ਕਿ ਧਰਮ ਨਿਰਪੱਖ ਦੇਸ਼ ਵਿੱਚ ਕਿਸੇ ਇੱਕ ਧਰਮ ਦੀ ਪੜ੍ਹਾਈ ਕਰਾਉਣ ਲਈ ਸਿੱਖਿਅਕ ਅਦਾਰੇ ਚਲਾਉਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਆਪਣੀ ਸੋਚ ਦੇ ਪੱਖੋਂ ਇਨ੍ਹਾਂ ਸਤਰਾਂ ਦਾ ਲੇਖਕ ਮੁੱਢਲੇ ਦਿਨਾਂ ਤੋਂ ਇਸ ਗੱਲ ਦਾ ਹਮਾਇਤੀ ਹੈ ਕਿ ਧਰਮ ਨਿਰਪੱਖ ਦੇਸ਼ ਵਿੱਚ ਸਮੁੱਚੇ ਪ੍ਰਬੰਧ ਨੂੰ, ਜਿਸ ਵਿੱਚ ਵਿੱਦਿਅਕ ਅਦਾਰੇ ਸ਼ਾਮਲ ਹਨ, ਕਿਸੇ ਵੀ ਧਰਮ ਦੇ ਪੱਖ ਵਿੱਚ ਵਰਤਣ ਦੀ ਗੁੰਜਾਇਸ਼ ਨਹੀਂ ਚਾਹੀਦੀ, ਪਰ ਇਹਨਿਯਮ ਇੱਕਸਾਰ ਹੋਣਾ ਚਾਹੀਦਾ ਹੈ। ਕਿਸੇ ਇੱਕਲੇ ਧਰਮ ਬਾਰੇ ਇਹ ਨਿਯਮ ਲਾਗੂ ਕਰਨਾ ਤੇ ਦੂਸਰੇ ਧਰਮ ਨੂੰ ਇਸ ਨਿਯਮ ਤੋਂ ਛੋਟ ਦੇ ਦੇਣੀ ਵੀ ਧਰਮ ਨਿਰਪੱਖਤਾ ਨਹੀਂ ਹੋ ਸਕਦੀ। ਸੁਪਰੀਮ ਕੋਰਟ ਵਿੱਚ ਇਹੋ ਗੱਲ ਇਸ ਕੇਸ ਦੇ ਸੰਬੰਧ ਵਿੱਚ ਜ਼ੋਰ ਨਾਲ ਦੱਸੀ ਗਈ ਕਿ ਇੱਕਲੇ ਮਦਰੱਸੇ ਨਹੀਂ, ਭਾਰਤ ਵਿੱਚ ਕਈ ਧਰਮਾਂ ਦੇ ਵਿੱਦਿਅਕ ਅਦਾਰੇ ਏਸੇ ਤਰ੍ਹਾਂ ਚੱਲਦੇ ਹਨ, ਜਿੱਥੇ ਸਰਕਾਰ ਵੱਲੋਂ ਬਣਾਏ ਗਏ ਸਿਲੇਬਸ ਦੀ ਪੜ੍ਹਾਈ ਵੀ ਕਰਾਈ ਜਾਂਦੀ ਹੈ ਤੇ ਆਪੋਆਪਣੇ ਧਰਮ ਬਾਰੇ ਵੀ ਅਗਲੀ ਪੀੜ੍ਹੀ ਦੇ ਬੱਚਿਆਂ ਨੂੰ ਪੜ੍ਹਾਇਆ ਜਾਂਦਾ ਹੈ। ਘੱਟ-ਗਿਣਤੀ ਭਾਈਚਾਰਿਆਂ ਦੇ ਸਕੂਲਾਂ ਤੇ ਕਾਲਜਾਂ, ਅੱਜਕੱਲ੍ਹ ਉਨ੍ਹਾਂ ਦੀਆਂ ਯੂਨੀਵਰਸਿਟੀਆਂ ਵੀ ਬਣ ਗਈਆਂ ਹਨ, ਵਿੱਚ ਏਸੇ ਤਰ੍ਹਾਂ ਕੀਤਾ ਜਾਂਦਾ ਹੈ ਤੇ ਇਸ ਨੂੰ ਕਦੇ ਗਲਤ ਨਹੀਂ ਮੰਨਿਆ ਜਾਂਦਾ। ਸਿਰਫ ਇੱਕ ਖਾਸ ਧਰਮ ਨੂੰ ਮੁੱਦਾ ਬਣਾ ਦਿੱਤਾ ਗਿਆ ਤਾਂ ਇਹ ਅਸਲ ਵਿੱਚ ਚੋਣ ਪੈਂਤੜਾ ਹੈ। ਦੇਸ਼ ਦੀ ਸੁਪਰੀਮ ਕੋਰਟ ਨੇ ਇਸ ਮਾਮਲੇ ਵਿੱਚ ਅਲਾਹਾਬਾਦ ਹਾਈ ਕੋਰਟ ਦੇ ਫੈਸਲੇ ਉੱਤੇ ਹਾਲ ਦੀ ਘੜੀ ਰੋਕ ਲਾ ਦਿੱਤੀ ਹੈ।

ਜਦੋਂ ਇਹ ਰੋਕ ਲਾਈ ਗਈ, ਐਨ ਓਸੇ ਦਿਨ ਓਸੇ ਰਾਜ ਦੇ ਮੁੱਖ ਮੰਤਰੀ ਦਾ ਇੱਕ ਬਿਆਨ ਆਇਆ ਹੈ, ਜਿਸ ਦਾ ਸੰਬੰਧ ਇਸ ਮੁਕੱਦਮੇ ਨਾਲ ਬੇਸ਼ੱਕ ਨਹੀਂ ਜੋੜਿਆ ਜਾ ਸਕਦਾ, ਪਰ ਇਸ ਕੇਸ ਪਿੱਛੇ ਕੰਮ ਕਰਦੀ ਵਿਚਾਰਧਾਰਾ ਨਾਲ ਜੁੜ ਸਕਦਾ ਹੈ। ਮੀਡੀਆ ਮੁਤਾਬਕ ਉਸ ਨੇ ਕਿਹਾ ਹੈ ਕਿ ਅਯੋਧਿਆ ਅਤੇ ਕਾਸ਼ੀ ਵਿੱਚ ਕੀਤਾ ਜਾਣ ਵਾਲਾ ਕੰਮ ਹੋ ਚੁੱਕਾ ਹੈ ਅਤੇ ਇਸ ਦੇ ਬਾਅਦ ਮਥਰਾ ਵਾਲਾ ਕੰਮ ਕਰਨਾ ਰਹਿੰਦਾ ਹੈ। ਇੱਕ ਫਿਲਮੀ ਗੀਤ ਇੱਕ ਵਾਰੀ ਬੜਾ ਚੱਲਿਆ ਸੀ ਕਿ 'ਇਸ਼ਾਰੋਂ ਕੋ ਅਗਰ ਸਮਝੋ, ਰਾਜ਼ ਕੋ ਰਾਜ਼ ਰਹਿਨੇ ਦੋ'। ਇਸ ਮਾਮਲੇ ਵਿੱਚ ਵੀ ਇਹੋ ਗੱਲ ਕਹਿ ਦਿੱਤੀ ਜਾਵੇ ਤਾਂ ਬਾਹਲੇ ਵਖਿਆਨ ਤੋਂ ਬਚਿਆ ਜਾ ਸਕਦਾ ਹੈ। ਅਯੁੱਧਿਆ ਦੀ ਬਾਬਰੀ ਮਸਜਿਦ ਦੀ ਚਰਚਾ ਜਦੋਂ ਚੱਲੀ ਸੀ, ਓਦੋਂ ਵੀ ਭਾਜਪਾ ਦੇ ਆਗੂਆਂ ਨੇ ਇਕੱਠੀ ਕੀਤੀ ਭੀੜ ਤੋਂ 'ਰਾਮਾ, ਕ੍ਰਿਸ਼ਨਾ, ਵਿਸ਼ਵਨਾਥ, ਤੀਨੋਂ ਲੇਗੇ ਏਕ ਸਾਥ' ਦੇ ਨਾਅਰੇ ਲਵਾਏ ਸਨ ਤੇ ਦੇਸ਼ ਦੇ ਲੋਕਾਂ ਨੂੰਇਸ ਇਸ਼ਾਰੇ ਦੀਸਾਫ ਸਮਝ ਆ ਗਈ ਸੀ ਕਿ ਗੱਲ ਇੱਕੱਲੀ ਬਾਬਰੀ ਮਸਜਿਦ ਢਾਹੁਣ ਤੱਕ ਸੀਮਤ ਨਹੀਂ, ਦੋ ਹੋਰ ਮਸਜਿਦਾਂ ਬਾਰੇ ਵੀ ਇਸ ਤਰ੍ਹਾਂ ਦੀ ਨੀਤੀ ਅਗੇਤੀ ਬਣ ਚੁੱਕੀ ਹੈ। ਉਸ ਨਾਅਰੇ ਵਾਲੀ ਸੋਚ ਨੂੰ ਅੱਜਕੱਲ੍ਹ ਉਸ ਰਾਜ ਵਿੱਚ ਉਸ ਵਿਚਾਰਧਾਰਾ ਦੇ ਲੋਕ ਆਪਣੇ ਹਿਸਾਬ ਨਾਲ ਲਗਾਤਾਰ ਅੱਗੇ ਵਧਾ ਰਹੇ ਹਨ।

ਏਨਾ ਕੁਝ ਕਹਿਣ-ਸੁਣਨ ਦੇ ਬਾਅਦ ਗੱਲ ਫਿਰ ਉਸ ਮੁੱਦੇ ਵੱਲ ਮੁੜ ਪੈਂਦੀ ਹੈ ਕਿ ਭਾਰਤੀ ਪਾਰਲੀਮੈਂਟ ਦੀ ਚੋਣ ਬੇਸ਼ੱਕ ਚੋਣਾਂ ਦੀ ਜੰਗ ਹੈ, ਪਰ ਅਮਲ ਵਿੱਚ ਇਸ ਨੂੰ ਆਮ ਲੋਕ ਇੱਕ ਹੋਰ ਜੰਗ ਕਹਿੰਦੇ ਹਨ ਤੇ ਇਹ ਸਚਮੁੱਚ ਦੀ ਜੰਗਬੰਦੀ ਜਾਂਦੀ ਹੈ। ਇਹ ਜੰਗ ਜਿੱਤਣ ਲਈ ਚਾਹਵਾਨ ਦੋਵੇਂ ਧਿਰਾਂ ਵਾਲੇ ਲੋਕ ਹਨ। ਜਿਨ੍ਹਾਂ ਕੋਲ ਇਸ ਵੇਲੇ ਸੱਤਾ ਹੈ, ਉਹ ਵੀ ਇਸ ਨੂੰ ਜਿੱਤਣਾ ਚਾਹੁੰਦੇ ਹਨ, ਤਾਂ ਕਿ ਸੱਤਾ ਦਾ ਸ਼ਾਹੀ ਤਖਤ ਛੱਡਣਾ ਨਾ ਪਵੇ ਤੇ ਜਿਹੜੇ ਲੋਕ ਸੱਤਾ ਤੋਂ ਬਾਹਰ ਹਨ, ਉਹ ਵੀ ਜਿੱਤਣ ਲਈ ਹਰ ਕੋਈ ਹੀਲਾ ਵਰਤਣਾ ਚਾਹੁੰਦੇ ਹਨ। ਜਦੋਂ ਗੱਲ 'ਹਰ ਹੀਲਾ' ਵਰਤਣ ਦੀ ਸਥਿਤੀ ਤੱਕ ਪਹੁੰਚ ਜਾਂਦੀ ਹੈ, ਫਿਰ ਇਸ ਵਕਤ ਦੀ ਸੱਤਾਧਾਰੀ ਧਿਰ ਕੋਲ ਬਾਕੀ ਧਿਰਾਂ ਨਾਲੋਂ 'ਹੀਲਾ' ਕਰਨ ਵਾਲਾ ਵਸੀਲਾ ਬਣਨ ਵਾਲੀਆਂ ਕੇਂਦਰੀ ਏਜੰਸੀਆਂ ਸਿਰਫ ਸਰਕਾਰੀ ਏਜੰਸੀਆਂ ਨਹੀਂ ਰਹਿੰਦੀਆਂ। ਉਹ ਜੰਗ ਵਿੱਚਰਾਜ ਕਰਦੀ ਧਿਰ ਲਈ ਲੜਾਈ ਦਾ ਇੱਕ ਹਥਿਆਰ ਵੀ ਬਣ ਸਕਦੀਆਂ ਹਨ ਤੇ ਮੈਦਾਨੀ ਹਮਲਾ ਕਰਨ ਵਾਸਤੇ ਵਰਤੀ ਜਾਣ ਵਾਲੀ ਪਿਆਦਾ ਪਲਟਣ ਵਾਲਾ ਕੰਮ ਵੀ ਕਰ ਸਕਦੀਆਂ ਹਨ। ਭਾਰਤ ਨੂੰ ਆਜ਼ਾਦੀ ਮਿਲਣ ਪਿੱਛੋਂ ਪੰਜ ਸਾਲਾ ਯੋਜਨਾਵਾਂ ਵਾਂਗ ਚੱਲਦੀ ਆਈ ਇਸ ਚੋਣ ਜੰਗ ਵਿੱਚ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਦਾ ਅਮਲ ਕਦੋਂ ਸ਼ੁਰੂ ਹੋਇਆ ਸੀ, ਇਸ ਦਾ ਇਤਹਾਸ ਖੋਜ ਸਕਣਾ ਕਿਸੇ ਦੇ ਵੱਸਦਾ ਨਹੀਂ ਜਾਪਦਾ, ਪਰ ਇਹ ਗੱਲ ਆਮ ਮੰਨੀ ਜਾਂਦੀ ਹੈ ਕਿ ਇਨ੍ਹਾਂ ਏਜੰਸੀਆਂ ਦੀ ਜਿੰਨੀ ਦੁਰਵਰਤੋਂ ਇਸ ਵਕਤ ਦੀ ਸੱਤਾਧਾਰੀ ਧਿਰ ਕਰਦੀ ਪਈ ਹੈ, ਏਨੀ ਅੱਜ ਤੱਕ ਕਦੀ ਨਹੀਂ ਸੀ ਹੋਈ,ਭਵਿੱਖ ਦਾ ਪਤਾ ਨਹੀਂ।

ਇਸ ਵਾਰ ਦੀ ਚੋਣ ਜੰਗ ਜਿੱਤਣ ਲਈ ਕੇਂਦਰੀ ਏਜੰਸੀਆਂ ਜਿਸ ਤਰ੍ਹਾਂ ਵਿਹਾਰ ਕਰ ਰਹੀਆਂ ਹਨ, ਉਨ੍ਹਾਂ ਨੂੰ ਵੇਖ ਕੇ ਲੱਗਦਾ ਹੈ ਕਿ ਉਹ ਇਸ ਦੀ ਤਿਆਰੀ ਚਿਰਾਂ ਤੋਂ ਕਰਦੀਆਂ ਪਈਆਂ ਸਨ। ਇਹ ਕਹਿਣਾ ਔਖਾ ਹੈ ਕਿ ਸਭ ਏਜੰਸੀਆਂ ਨੂੰ ਆਪਣੇ ਫਰਜ਼ਾਂ ਦੀ ਪੂਰਤੀ ਅਚਾਨਕ ਇੱਕੋ ਵਾਰ ਯਾਦ ਆਈ ਹੈ ਅਤੇ ਉਹ ਵੀ ਉਸ ਵੇਲੇ ਯਾਦ ਆਈ ਹੈ, ਜਦੋਂ ਲੋਕ ਸਭਾ ਚੋਣਾਂ ਸਿਰ ਉੱਤੇ ਆਣ ਪੁੱਜੀਆਂ ਸਨ। ਇਨਕਮ ਟੈਕਸ ਵਿਭਾਗ ਨੂੰ ਚੇਤਾ ਆ ਗਿਆ ਕਿ ਪੰਜ ਕੁ ਸਾਲਾਂ ਤੋਂ ਵਿਰੋਧੀ ਧਿਰ ਦੀ ਸਭ ਤੋਂ ਵੱਡੀ ਪਾਰਟੀ ਕਾਂਗਰਸ ਵਾਲਿਆਂ ਨੇ ਐਨੇ ਸਾਲਾਂ ਦਾ ਟੈਕਸ ਨਹੀਂ ਭਰਿਆ ਤੇ ਟੈਕਸ ਦੇ ਨਾਲ ਜੁਰਮਾਨੇ ਤੇ ਉਸ ਜੁਰਮਾਨੇ ਉੱਤੇ ਵਿਆਜ ਸਮੇਤ ਬਣਦੀ ਰਕਮ ਦਾ ਨੋਟਿਸ ਭੇਜਣ ਦੀ ਲੋੜ ਹੈ। ਧਮਕੜੇ ਪਾਈ ਫਿਰਨ ਦੇ ਬਾਅਦ ਜਦੋਂ ਇਹ ਗੱਲਖੁੱਲ੍ਹੀ ਕਿ ਇਹੋ ਮੁੱਦਾ ਅਤੇ ਇਸ ਤੋਂ ਵੱਡਾ ਇਹੋ ਮੁੱਦਾ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਖਿਲਾਫ ਵੀ ਬਣਦਾ ਹੈ ਤਾਂ ਇਨਕਮ ਟੈਕਸ ਵਾਲਿਆਂ ਨੇ ਸੁਪਰੀਮ ਕੋਰਟ ਵਿੱਚ ਇਹ ਕਹਿ ਦਿੱਤਾ ਹੈ ਕਿ ਚੋਣਾਂ ਸਿਰੇ ਲੱਗਣ ਤੱਕ ਇਸ ਬਾਰੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਇਨਫੋਰਸਮੈਂਟ ਡਾਇਰੈਕਟੋਰੇਟ ਯਾਨੀ ਕਿ ਈ ਡੀ ਦੀਆਂ ਟੀਮਾਂ ਨੂੰ ਦਿੱਲੀਸਰਕਾਰ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਅੱਧੀ ਰਾਤ ਜਾ ਕੇ ਉਸ ਦੇ ਘਰੋਂ ਫੜ ਲਿਆਉਣ ਦੀ ਕਾਹਲੀ ਕਿਸ ਦੇ ਕਹਿਣ ਉੱਤੇ ਕਰਨੀ ਪਈ, ਇਹ ਵੀ ਦੇਸ਼ ਦੇ ਲੋਕਾਂ ਦੇ ਪੱਲੇ ਨਹੀਂ ਪੈ ਸਕਿਆ। ਉਸ ਖਿਲਾਫ ਬਿਆਨ ਦੇ ਕੇ ਵਾਅਦਾ ਮੁਆਫ ਗਵਾਹ ਬਣਨ ਵਾਲਾ ਬੰਦਾ ਭਾਜਪਾ ਨੂੰ ਚੋਣ ਫੰਡ ਦੇ ਬਾਂਡ ਦੇਣ ਦਾ ਸੌਦਾ ਮਾਰਨ ਪਿੱਛੋਂ ਜੇਲ੍ਹ ਤੋਂ ਨਿਕਲਿਆ ਹੈ, ਪਰ ਉਸ ਨੂੰ ਭਾਜਪਾ ਗੱਠਜੋੜ ਦੀ ਇੱਕ ਪਾਰਟੀ ਨੇ ਲੋਕ ਸਭਾ ਚੋਣ ਲਈ ਉਮੀਦਵਾਰ ਬਣਾ ਲਿਆ ਹੈ। ਅਦਾਲਤਾਂ ਵਿੱਚ ਜਾ ਕੇ ਇਨ੍ਹਾਂ ਜਾਂਚ ਏਜੰਸੀਆਂ ਦੇ ਅਫਸਰਾਂ ਦੇ ਬਿਆਨ ਵੀ ਆਪਸ ਵਿੱਚ ਨਹੀਂ ਮਿਲਦੇ।

ਜੰਗ ਤਾਂ ਜੰਗ ਹੁੰਦੀ ਹੈ ਅਤੇ ਜੰਗ ਤੇ ਇਸ਼ਕ ਵਿੱਚ ਸਭ ਜਾਇਜ਼ ਕਿਹਾ ਜਾਂਦਾ ਹੈ, ਪਰ ਹਰ ਕਿਸੇ ਜੰਗ ਵਿੱਚ ਕੁਝ ਲੋਕ-ਲਾਜ ਚੇਤੇ ਰੱਖੀ ਜਾਂਦੀ ਹੈ। ਚੋਣ-ਜੰਗ ਵਿੱਚ ਲੋਕ-ਲਾਜ ਦਾ ਚੇਤਾ ਵੀ ਨਹੀਂ ਰੱਖਿਆ ਜਾਂਦਾ ਅਤੇ ਜਿੱਡੇ ਵੱਡੇ ਰੁਤਬੇ ਵਾਲਾ ਕੋਈ ਨੇਤਾ ਹੁੰਦਾ ਹੈ, ਓਨਾ ਵੱਧ ਨਿਯਮਾਂ-ਕਾਨੂੰਨਾਂ ਦੀ ਪ੍ਰਵਾਹ ਕੀਤੇ ਬਿਨਾਂ ਨਿਰਾ ਝੂਠ ਲੋਕਾਂ ਅੱਗੇ ਪਰੋਸਦਾ ਅਤੇ ਆਪਣੀ ਫੌਜ ਦੇ ਪਿਆਦੇ ਬਣੀਆਂ ਹੋਈਆਂ ਕੇਂਦਰੀ ਏਜੰਸੀਆਂ ਨੂੰ ਸ਼ਿਸ਼ਕਾਰ ਕੇ ਵਿਰੋਧੀ ਆਗੂਆਂ ਖਿਲਾਫ ਹਰ ਹੱਦ ਟੱਪ ਜਾਣ ਲਈ ਉਕਸਾਉਂਦਾ ਹੈ। ਇਹ ਸਿਰਫ ਭਾਰਤ ਵਿੱਚ ਨਹੀਂ, ਅਮਰੀਕਾ ਵਰਗੇ ਦੇਸ਼ ਵਿੱਚ ਵੀ ਹੋ ਰਿਹਾ ਹੈ। ਡੋਨਾਲਡ ਟਰੰਪ ਨੇ ਆਪਣੀ ਕੁਰਸੀ ਕਾਇਮ ਰੱਖਣ ਲਈ ਜੋ ਬਾਇਡਨ ਵਿਰੁੱਧ ਦੂਸਰੇ ਦੇਸ਼ਾਂ ਦੇ ਹਾਕਮਾਂ ਤੱਕ ਪਹੁੰਚ ਕਰ ਕੇ ਕੇਸ ਬਣਾਉਣ ਅਤੇ ਉਸ ਦੇ ਪੁੱਤਰ ਨੂੰ ਉਲਝਾਉਣ ਦੀ ਕੋਸ਼ਿਸ਼ ਕੀਤੀ ਸੀ ਤੇ ਇਸ ਵਕਤ ਜੋ ਬਾਇਡਨ ਉੱਤੇ ਦੋਸ਼ ਲਾਉਂਦਾ ਹੈ ਕਿ ਉਹ ਉਸ ਦੀ ਚੋਣ ਖਰਾਬ ਕਰਨ ਲਈ ਅਦਾਲਤੀ ਕੇਸਾਂ ਦੀ ਲੜੀ ਮੁੱਕਣ ਨਾ ਦੇਣ ਵਾਸਤੇ ਸਰਕਾਰੀ ਮਸ਼ੀਨਰੀ ਵਰਤ ਰਿਹਾ ਹੈ। ਲੋਕਤੰਤਰ ਵਿਕਸਤ ਦੇਸ਼ਾਂ ਅੰਦਰੋਂ ਸ਼ੁਰੂ ਹੋਇਆ ਅਤੇ ਦੁਨੀਆ ਵਿੱਚ ਫੈਲਿਆ ਸੀ, ਜਦੋਂ ਉਨ੍ਹਾਂ ਦੇਸ਼ਾਂ ਵਿੱਚ ਲੋਕਤੰਤਰੀ ਨਿਯਮਾਂ ਅਤੇ ਅਸੂਲਾਂ ਦੀ ਹੱਦ ਟੱਪਣ ਤੋਂ ਸ਼ਰਮ ਨਹੀਂ ਕੀਤੀ ਜਾ ਰਹੀ ਤਾਂ ਭਾਰਤ ਵਰਗੇ ਕੱਚ-ਘਰੜ ਲੋਕਤੰਤਰੀ ਸੂਝ ਵਾਲੇ ਦੇਸ਼ ਵਿੱਚ ਸ਼ਰਮ ਦੀ ਆਸ ਕਿਸੇ ਆਗੂ ਕੋਲੋਂ ਕਿਵੇਂ ਕੀਤੀ ਜਾ ਸਕਦੀ ਹੈ! ਕਹਿਣ ਨੂੰ ਇਸ ਦੇਸ਼ ਦੀ ਪਾਰਲੀਮੈਂਟ ਭਾਰਤ ਦੇ ਲੋਕਤੰਤਰ ਲਈ ਸਭ ਤੋਂ ਵੱਡਾ ਮੰਦਰ ਹੈ, ਪਰ ਸਿਰਫ ਕਹਿਣ ਲਈ ਹੈ, ਅਸਲ ਵਿੱਚ ਪੁਰਾਣੇ ਮਹਾਰਾਜਿਆਂ ਵਾਂਗ ਇਹ ਹਕੂਮਤੀ ਜਲੌਅ ਦੀ ਏਦਾਂ ਦੀ ਤਾਕਤ ਹੈ, ਜਿਸ ਦੇ ਕਬਜ਼ੇ ਦੀ ਜੰਗ ਸਿਰਫ ਕਹਿਣ ਨੂੰ ਚੋਣ-ਜੰਗ ਹੈ, ਅਮਲ ਵਿੱਚ ਹਕੀਕੀ ਜੰਗਾਂ ਤੋਂ ਵੱਧ ਬੇਹੂਦਾ ਤੇ ਉਸ ਤੋਂ ਵੱਧ ਬੇਰਹਿਮ ਜੰਗ ਬਣ ਕੇ ਲੜੀ ਜਾਂਦੀ ਹੈ ਤਾਂ ਕਿਸੇ ਨੂੰ ਹੈਰਾਨ ਹੋਣ ਦੀ ਲੋੜ ਨਹੀਂ ਰਹਿਣੀ ਚਾਹੀਦੀ। ਇਸ ਵੇਲੇ ਲੋਕ ਸਭਾ ਚੋਣ ਲਈ ਭਾਰਤ ਵਿੱਚ ਇਹੋ ਕੁਝ ਹੁੰਦਾ ਪਿਆ ਹੈ ਅਤੇ ਅਗਲੇ ਦੋ ਮਹੀਨੇ ਭਾਰਤ ਦੇ ਲੋਕਾਂ ਨੂੰ ਇਹੀ ਕੁਝ ਭੁਗਤਣਾ ਪੈਣਾ ਹੈ।

# ਅਕਾਲੀ ਭਾਜਪਾ ਗਠਜੋੜ ਲਈ ਤਰਲੋਮੱਛੀ ਕੌਣ?

-ਦਰਬਾਰਾ ਸਿੰਘ ਕਾਹਲੋਂ-

ਮਾਖਿਉਂ ਮਿੱਠੀ ਪੰਜਾਬੀ ਬੋਲੀ ਦਾ ਇੱਕ ਅਖਾਣ ਹੈ ''ਬੂਹੇ ਆਈ ਜੰਞ ਤੇ ਵਿੰਨੋਂ ਕੁੜੀ ਦੇ ਕੰਨ।' ਪੰਜਾਬ ਅੰਦਰ ਸਿਰਫ ਸੱਤਾ ਸੁੱਖ ਮਾਨਣ ਲਈ ਮਰਹੂਮ ਮੁੱਖ ਮੰਤਰੀ ਪੰਜਾਬ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਰਹੇ ਸ: ਪ੍ਰਕਾਸ਼ ਸਿੰਘ ਬਾਦਲ ਨੇ ਸੰਨ 1996 ਵਿਚ ਲੋਕ ਸਭਾ ਚੋਣਾਂ ਬਾਅਦ ਅਕਾਲੀਬਸਪਾ (ਬਹੁਜਨ ਸਮਾਜ ਪਾਰਟੀ) ਗਠਜੋੜ ਤੜੱਕ ਤੋੜਦਿਆਂ 13 ਰੋਜ਼ਾ ਸ੍ਰੀ ਅਟਲ ਬਿਹਾਰ ਵਾਜਪਾਈ ਸਰਕਾਰ ਨੂੰ ਬਿਨਾਂ ਸ਼ਰਤ ਹਮਾਇਤ ਦਾ ਐਲਾਨ ਕਰਦਿਆਂ ਅਕਾਲੀਭਾਜਪਾ ਦਾ ਨਹੁੰਮਾਸ ਦਾ ਰਿਸ਼ਤਾ ਜੋੜਿਆ ਸੀ। ਇਹ ਸਮਝੌਤਾ ਪੰਥ ਅਤੇ ਪੰਜਾਬੀਆਂ ਨਾਲ ਨਹੀਂ ਸੀ। ਇਹ ਸਮਝੌਤਾ ਸ: ਬਾਦਲ ਪਰਿਵਾਰ ਅਤੇ ਉਸ ਦੇ ਪਿੱਠੂ ਰਾਜਨੀਤਕ ਕੋੜਮੇ ਨਾਲ ਸੀ, ਪੰਥ, ਪੰਜਾਬ ਅਤੇ ਪੰਜਾਬੀ ਇਸ ਵਿਚੋਂ ਮਨਫ਼ੀ ਸਨ। ਅਸੀਂ ਇਹ ਗੱਲ ਠੋਕ ਕੇ ਤੱਥਾਂ ਦੇ ਆਧਾਰ 'ਤੇ ਕਹਿੰਦੇ ਹਾਂ। ਤਜ਼ਰਬਾ ਰਹਿਤ ਸੁਖਬੀਰ ਬਾਦਲ ਨੂੰ ਕੇਂਦਰ ਵਿਚ ਸ੍ਰੀ ਵਾਜਪਾਈ ਸਰਕਾਰ ਵਿਚ ਰਾਜ ਮੰਤਰੀ ਬਣਾਉਣਾ, ਸ੍ਰ. ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਬਾਦਲ ਵੱਲੋਂ ਗੁਜਰਾਤ ਜਾ ਕੇ ਸੁਖਦੇਵ ਸਿੰਘ ਢੀਂਡਸਾ ਜਾਂ ਮਰਹੂਮ ਰਣਜੀਤ ਸਿੰਘ ਬ੍ਰਹਮਪੁਰਾ ਦੀ ਥਾਂ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਕੌਰ ਬਾਦਲ ਨੂੰ ਕੇਂਦਰੀ ਮੰਤਰੀ ਬਣਵਾਉਣ ਲਈ ਸ੍ਰੀ ਨਰੇਂਦਰ ਮੋਦੀ ਅੱਗੇ ਲ੍ਹੇਲੜੀਆਂ ਕੱਢਣ ਜਾਣਾ। ਸੌ ਹੱਥ ਰੱਸਾ ਅਤੇ ਸਿਰੇ ਗੰਢ ਵਰਗਾ ਪ੍ਰਮਾਣ ਸਾਬਕਾ ਪ੍ਰਬੱਧ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਉਦੋਂ ਪ੍ਰਪੱਕ ਕੀਤਾ ਜਦੋਂ ਉਨ੍ਹਾਂ ਕਿਹਾ ਕਿ 'ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਦੋਂ ਵੀ ਦਿੱਲੀ ਉਨ੍ਹਾਂ ਨੂੰ ਮਿਲਣ ਆਉਂਦੇ ਹਨ ਪੰਜਾਬ ਅਤੇ ਪੰਜਾਬੀਆਂ ਦੀ ਥਾਂ ਨਿੱਜੀ ਕੰਮ ਕਰਾਉਣ ਆਉਂਦੇ ਹਨ।'' ਪੰਥ ਨੂੰ ਬੇਦਾਵਾ ਤਾਂ 24-25 ਫਰਵਰੀ, 1996 ਮੋਗਾ ਕਾਨਫਰੰਸ ਵੇਲੇ ਦੇ ਦਿੱਤਾ ਸੀ।

ਦਰਅਸਲ 'ਮਰਦੀ ਨੇ ਅੱਕ ਚੱਬਿਆ' ਅਨੁਸਾਰ ਪੰਜਾਬ ਦੀ ਕਿਸਾਨੀ ਵੱਲੋਂ ਜਦੋਂ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਬਾਦਲ, ਤੱਤਕਾਲੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਮਰਹੂਮ ਸਾਬਕਾ ਮੁੱਖ ਮੰਤਰੀ ਸ੍ਰ: ਪ੍ਰਕਾਸ਼ ਸਿੰਘ ਵੱਲੋਂ ਕੇਂਦਰ ਵੱਲੋਂ ਬਣਾਏ ਤਿੰਨ ਖੇਤੀ ਕਾਲੇ ਕਾਨੂੰਨ ਦਾ ਡੰਕੇ ਦੀ ਚੋਟ ਹਮਾਇਤ ਕੀਤੀ ਸੀ, ਉਨ੍ਹਾਂ ਦੀ ਪਿੰਡ ਬਾਦਲ (ਮੁਕਤਸਰ) ਵਿਖੇ ਕੋਠੀ ਘੇਰ ਲਈ ਤਾਂ ਉਨ੍ਹਾਂ ਨੂੰ ਨਾ ਸਿਰਫ ਤਿੰਨ ਕਾਲੇ ਕਾਨੂੰਨ ਦੀ ਹਮਾਇਤ ਵਾਪਸ ਲੈਣੀ ਪਈ ਬਲਕਿ ਭਾਜਪਾ ਨਾਲ ਰਾਜਨੀਤਕ ਗਠਜੋੜ ਵਾਪਸ ਲੈਣ ਅਤੇ ਬੀਬੀ ਹਰਸਿਮਰਤ ਕੌਰ ਵੱਲੋਂ ਕੇਂਦਰ ਸਰਕਾਰ ਤੋਂ ਅਸਤੀਫਾ ਦੇਣ ਦਾ ਡਰਾਮਈ ਫੈਸਲਾ ਸਤੰਬਰ, 2020 ਵਿਚ ਕਰਨਾ ਪਿਆ।

ਅਕਾਲੀ ਭਾਜਪਾ ਸਮਝੌਤੇ ਬਗੈਰ ਸੰਨ 2022 ਦੀਆਂ ਵਿਧਾਨ ਸਭਾ ਚੋਣਾਂ, ਸੰਗਰੂਰ ਅਤੇ ਸੰਨ 2023 ਵਿਚ ਜਲੰਧਰ ਪਾਰਲੀਮੈਂਟਰੀ ਉੱਪ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਭਾਜਪਾ ਦੀ ਜਿਵੇਂ ਜੱਗੋਂ ਤੇਰ੍ਹਵੀਂ ਹੋਈ, ਜੱਗ ਜਾਣਦਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬਗੈਰ ਬੁਲਾਵੇ ਦੇ ਆਪੇ ਜਾਣੇਅਨ-ਜਾਣੇ ਕੀਤੇ ਗੁਨਾਹਾਂ ਦੀ ਮੁਆਫੀ ਅਤੇ 'ਪੰਜਾਬ ਬਚਾਓ' ਯਾਤਰਾ ਸਮੇਂ ਜਦੋਂ ਪੰਥ ਅਤੇ ਪੰਜਾਬੀਆਂ ਮੂੰਹ ਲਿਆ ਤਾਂ ਹੁਣ ਬੂਹੇ ਖੜ੍ਹੀਆਂ ਲੋਕ ਸਭਾ ਚੋਣਾਂ ਸਮੇਂ ਹੋਣ ਵਾਲੀ ਦੁਰਦਸ਼ਾ ਸਿਰ ਚੜ੍ਹ ਕੇ ਬੋਲਦਿਆਂ ਰੁੱਸੇ ਕੋੜਮੇ ਨੂੰ ਮੁੜ ਜੋੜਨ ਅਤੇ ਭਾਜਪਾ ਨਾਲ ਮੁੜ ਗਠਜੋੜ ਕਰਨ ਦੀਆਂ ਗੈਰਇਖਲਾਕੀ ਰਾਜਨੀਤਕ ਗਤੀਵਿਧੀਆਂ ਤੇਜ਼ ਕਰ ਦਿੱਤੀਆਂ। ਭਾਜਪਾ ਨਾਲ ਹੇਜ਼ ਅਤੇ ਅੰਦਰ ਖਾਤੇ ਗਠਜੋੜ ਦਾ ਪ੍ਰਗਟਾਵਾ ਸੁਖਬੀਰ ਬਾਦਲ ਪਰਿਵਾਰ ਇੱਕ ਦੇਸ਼ਇਕ ਚੋਣ, ਚੰਡੀਗੜ੍ਹ ਮੇਅਰ ਅਤੇ ਡਿਪਟੀ ਮੇਅਰਾਂ ਦੀ ਚੋਣ ਵੇਲੇ ਭਾਜਪਾ ਉਮੀਦਵਾਰਾਂ ਦੀ ਇੱਕੋ ਇਕ ਮੈਂਬਰ ਰਾਹੀਂ ਹਮਾਇਤ, ਸੀ. ਏ. ਏ. ਨੋਟੀਫਿਕੇਸ਼ਨ ਤੇ ਮੂੰਹ ਬੰਦੀ ਰਾਹੀਂ ਕਰ ਚੁੱਕੇ ਹਨ।

ਭਾਜਪਾ ਨਾਲ ਅੰਦਰ ਖਾਤੇ ਗਠਜੋੜ ਲਈ ਕੇਂਦਰੀ ਮੰਤਰੀ ਪਿਊਸ਼ ਗੋਇਲ ਨਾਲ, ਬਾਅਦ ਹੁਣ ਕਮਾਨ ਚਾਚੇ ਕੈਪਟਨ ਅਮਰਿੰਦਰ ਸਿੰਘ ਪਚੱਤਰ ਪੈਂਤੀ ਵਾਲੇ ਸਾਬਕਾ ਮੁੱਖ ਮੰਤਰੀ ਨੂੰ ਸੌਂਪੀ ਗਈ ਹੈ। ਚਾਚਾ ਪਹਿਲਾਂ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਅਤੇ ਹੁਣ ਭਾਜਪਾ ਪ੍ਰਧਾਨ ਜੇ. ਪੀ. ਨੱਢਾ ਨਾਲ ਕਰਦਾ ਨਜ਼ਰ ਆਇਆ। ਚਾਚਾ ਦਾਅਵਾ ਕਰਦਾ ਸੁਣਿਆ ਜਾਂਦਾ ਹੈ ਕਿ ਜੇਕਰ ਪੰਜਾਬ ਵਿਚ ਅਕਾਲੀਭਾਜਪਾ ਗਠਜੋੜ ਸਿਰੇ ਚੜ੍ਹਦਾ ਹੈ ਤਾਂ ਫਿਰ ਰਾਜ ਦੀਆਂ 13 ਅਤੇ 14ਵੀਂ ਚੰਡੀਗੜ੍ਹ ਸੀਟ 'ਤੇ ਇਸ ਦੀ ਜਿੱਤ ਹੋਵੇਗੀ।

ਤਰਲੋਮੱਛੀ ਕੌਣਕੌਣ : ਲੱਖ ਸੌਣ ਟੱਕੇ ਦਾ ਸਵਾਲ ਇਹ ਹੈ ਕਿ ਅਕਾਲੀਭਾਜਪਾ ਰਾਜਨੀਤਕ ਗਠਜੋੜ ਲਈ ਤਰਲੋ ਮੱਛੀ ਕੌਣਕੌਣ ਹਨ? ਇਸ ਗਠਜੋੜ ਲਈ ਸਿਰਫ ਤੇ ਸਿਰਫ ਸਾਬਕਾ ਸੱਤਾਧਾਰੀ ਰਾਜਨੀਤਕ ਪਰਿਵਾਰ ਅਤੇ ਮਲਾਈ ਖਾਣ ਦਾ ਆਦੀ ਉਨ੍ਹਾਂ ਦਾ ਪਿੱਠੂ ਰਾਜਨੀਤਕ ਕੋੜਮਾ ਹੈ।

ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿਚ ਸਿੱਖ ਪੰਥ, ਗੁਰਦਵਾਰਿਆਂ, ਸਿੱਖ ਸਭਿਅਚਾਰ ਦੀ ਰਾਖੀ ਲਈ ਦਸੰਬਰ 14, 1920 ਨੂੰ ਗਠਤ ਕੀਤਾ ਗਿਆ ਸੀ। ਇਸ ਦਾ ਇੱਕ ਲੰਬਾ ਸ਼ਾਨਾਮੱਤਾ ਕੁਰਬਾਨੀਆਂ ਭਰਿਆ ਇਤਿਹਾਸ ਹੈ। ਇਸ ਦਾ ਮੁੱਖ ਮੰਤਵ ਸਿੱਖ ਪੰਥ, ਸਿੱਖ ਸਿਧਾਂਤਾਂ, ਸਿੱਖ ਸੰਸਥਾਵਾਂ ਅਤੇ ਸਿੱਖ ਸੱਭਿਆਚਾਰ ਦੀ ਰਾਖੀ ਸੀ। ਪੰਜਾਬ ਅੰਦਰ ਵਿਸ਼ਾਲ ਸਿੱਖ ਸ਼ਕਤੀ ਜਿਸ ਨੇ ਦੁਰਾਨੀਆਂ ਅਤੇ ਮੁਗਲ ਜ਼ੁਲਮਾਂ ਤੋਂ ਇਸ ਖਿੱਤੇ ਨੂੰ ਆਜ਼ਾਦ ਕੀਤਾ, ਦਰਾਖ਼ੈਬਰ ਵੱਲੋਂ ਹਮਲੇ ਸਦਾ ਲਈ ਬੰਦ ਕੀਤੇ, ਇੱਕ ਵਿਸ਼ਾਲ, ਕੁਸ਼ਲ, ਇਨਸਾਫ ਪਸੰਦ ਅਤੇ ਵਿਕਾਸਮਈ ਰਾਜ ਸਥਾਪਿਤ ਕੀਤਾ। ਕਾਸ਼! ਕਿ ਸਿੱਖ ਲੀਡਰਸ਼ਿਪ ਦੇਸ਼ ਦੀ ਵੰਡ ਸਮੇਂ ਸਿੱਖਾਂ ਅਤੇ ਪੰਜਾਬੀਆਂ ਲਈ ਉਹ ਆਜ਼ਾਦ ਪੰਜਾਬ ਅੰਗਰੇਜ਼ ਬਸਤੀਵਾਦੀ ਹਾਕਮਾਂ ਤੋਂ ਪ੍ਰਾਪਤ ਕਰਨ ਲਈ ਸਮਰੱਥ ਹੁੰਦੀ।

ਅਜ਼ਾਦੀ ਬਾਅਦ ਪੰਜਾਬ ਨੂੰ ਕਾਬੂ ਅਤੇ ਕਮਜ਼ੋਰ ਰੱਖਣ ਲਈ, ਸਿੱਖਾਂ ਨੂੰ ਕਦੇ ਵੀ ਸਿਰ ਨਾ ਚੁੱਕਣ ਦੇਣ ਲਈ ਕੇਂਦਰੀ ਭਾਰਤੀ ਰਾਜ ਨੇ ਇੱਕ ਵਿਸ਼ੇਸ਼ ਨੀਤੀ ਘੜੀ ਜੋ ਲਗਾਤਾਰ ਚਾਲੂ ਰੱਖਣ ਦਾ ਪ੍ਰਬੰਧ ਪੱਕੇ ਤੌਰ 'ਤੇ ਕੀਤਾ ਭਾਵੇਂ ਸੱਤਾ ਵਿਚ ਕੋਈ ਵੀ ਰਾਜਨੀਤਕ ਪਾਰਟੀ, ਗਠਜੋੜ ਜਾਂ ਵਿਅਕਤੀ ਹੋਵੇ। ਪੰਜਾਬ ਵਿਚ ਸੱਤਾ ਵਿਚ ਉਸੇ ਸਿੱਖ ਆਗੂ, ਸ਼੍ਰੋਮਣੀ ਅਕਾਲੀ ਦਲ ਧੜੇ ਨੂੰ ਆਸੀਨ ਕਰਨ ਦਾ ਪ੍ਰਬੰਧ ਹੈ ਜੋ ਭਾਰਤੀ ਸੱਤਾ ਪ੍ਰਤੀ ਵਫਾਦਾਰ ਹੋਵੇ। ਪ੍ਰਤਾਪ ਸਿੰਘ ਕੈਰੋਂ, ਜਸਟਿਸ ਗੁਰਨਾਮ ਸਿੰਘ, ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲ ਕੈਪਟਨ ਅਮਰਿੰਦਰ ਸਿੰਘ, ਅਜੋਕਾ ਭਗਵੰਤ ਮਾਨ ਸਭ ਆਪਣੀ ਰਾਜਨੀਤਕ ਪਾਰਟੀਆਂ ਨਾਲੋਂ ਭਾਰਤੀ ਕੇਂਦਰੀ ਰਾਜਕੀ ਸ਼ਕਤੀ ਦੇ ਪਹਿਰੇਦ-ਾਰ ਰਹੇ ਹਨ। ਇਨ੍ਹਾਂ ਲਈ ਰਾਜਨੀਤਕ ਪਾਰਟੀਆਂ, ਪੰਥ, ਪੰਜਾਬ ਅਤੇ ਪੰਜਾਬੀ ਕਦੇ ਮਹੱਤਵਪੂਰਨ ਨਹੀਂ ਰਹੇ।

ਸੱਤਾ ਖਾਤਰ ਅਕਾਲੀ ਆਗੂਆਂ ਨੇ ਚੰਡੀਗੜ੍ਹ, ਪੰਜਾਬ ਦੇ ਪਾਣੀ, ਹੈਡਵਰਕਸ ਕੰਟਰੋਲ, ਪੰਜਾਬੀ ਬੋਲਦੇ ਇਲਾਕੇ ਕੁਰਬਾਨ ਕਰ ਦਿੱਤੇ। ਨੀਲਾ ਤਾਰਾ ਅਪਰੇਸ਼ਨ, ਦਿੱਲੀ ਤੇ ਹੋਰ ਥਾਈਂ ਨਵੰਬਰ 84 ਦੇ ਕਤਲੇਆਮ, 25000 ਝੂਲੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ ਸਿੱਖ ਨੌਜਵਾਨਾਂ ਦਾ ਖੂਨ ਭੁਲਾ ਕੇ ਸੱਤਾ ਖਾਤਰ ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਪਾਰਟੀ ਅਤੇ ਕੇਂਦਰੀ ਹਾਕਮਾਂ ਨਾਲ ਸਮਝੌਤੇ ਕੀਤੇ। ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ ਬਣੇ।

ਹਿੰਦੂਸਿੱਖ ਏਕਤਾ : ਪੰਜਾਬ, ਭਾਰਤ ਅਤੇ ਵਿਦੇਸ਼ਾਂ ਵਿਚ ਹਿੰਦੂਸਿੱਖ ਏਕਤਾ ਹਮੇਸ਼ਾ ਰੋਟੀਬੇਟੀ ਦੀ ਸਾਂਝ ਅਤੇ ਸਿੱਖ ਸਿਧਾਂਤਾਂ ਕਰਕੇ ਚੱਟਾਨ ਵਾਂਗ ਇਕਜੁੱਟ ਰਹੀ ਹੈ, ਹਮੇਸ਼ਾ ਰਹੇਗੀ। ਰਾਜਨੀਤੀਵਾਨਾਂ ਨੇ ਧਰਮ, ਜਾਤ, ਭਾਸ਼ਾ, ਇਸ਼ਟ ਆਦਿ ਦੇ ਨਾਮ 'ਤੇ ਭੁਲੇਖੇ ਪਾਉਣ ਦੇ ਕੋਝੇ ਯਤਨ ਕੀਤੇ ਪਰ ਸਦਾ ਅਸਫਲ ਰਹੇ।

ਸ: ਪ੍ਰਕਾਸ਼ ਸਿੰਘ ਬਾਦਲ ਨੇ 'ਹਿੰਦੂਸਿੱਖ ਏਕਤਾ' ਦੇ ਮੁੱਦੇ ਨੂੰ ਰਾਜਨੀਤਕ ਫਵਿਸਟ ਦੇ ਕੇ, ਪੰਜਾਬ ਵਿਚ ਬੇਗੁਨਾਹਾਂ ਦੇ ਘਾਣ ਨੂੰ ਜਾਨਣ ਲਈ 'ਟਰੁੱਥ ਐਂਡ ਰੀਕੰਸੀਲੇਸ਼ਨ ਕਮਿਸ਼ਨ' ਸਥਾਪਿਤ ਕਰਨੋਂ ਭੱਜ ਗਏ, ਪੰਥ ਨਾਲੋਂ ਪਰਿਵਾਰ ਅਤੇ ਪਿੱਠੂ ਲੋਟੂ ਕੋੜਮੇ ਨੂੰ ਸਥਾਪਿਤ ਕਰਕੇ ਪੰਥ, ਪੰਜਾਬ ਅਤੇ ਪੰਜਾਬੀਆਂ ਦੇ ਮੁੱਦੇ ਨਕਾਰ ਦਿੱਤੇ।

ਸਿੱਖ ਸੰਸਥਾਵਾਂ ਦਾ ਘਾਣ : ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖਤ, ਸਿੱਖ ਸੰਗਤ ਅਤੇ ਪੰਥ ਦਾ ਘਾਣ ਸੱਤਾ ਲਈ ਬਾਦਲ ਪਰਿਵਾਰ ਨੇ ਕੀਤਾ। ਸ੍ਰੀ ਅਕਾਲ ਤਖਤ ਗੋਲਾ ਬਣ ਲਿਆ। ਅੱਤਵਾਦ ਦੇ ਦੌਰ ਵਿਚ ਬਟਾਲਾ (ਗੁਰਦਾਸਪੁਰ) ਦੇ ਜ਼ਾਲਮ ਐਸ. ਐਸ. ਪੀ. ਗੋਬਿੰਦ ਰਾਮ ਨੇ ਜਦੋਂ ਦੋ ਸਿੱਖ ਬੀਬੀਆਂ ਬੰਦੀ ਬਣਾਈਆਂ ਤਾਂ ਜੱਥੇਦਾਰ ਅਕਾਲੀ ਫੂਲਾ ਸਿੰਘ ਵਾਂਗ ਜੱਥੇਦਾਰ ਅਕਾਲ ਤਖਤ ਸਾਹਿਬ ਪ੍ਰੋ: ਦਰਸ਼ਨ ਸਿੰਘ ਨੇ ਜਦੋਂ ਖੁਦ ਉਨ੍ਹਾਂ ਦੀ ਰਿਹਾਈ ਲਈ ਬਟਾਲਾ ਥਾਣੇ ਦੇ ਘਿਰਾਉ ਦੀ ਅਗਵਾਈ ਕਰਨ ਦਾ ਐਲਾਨ ਕਰਕੇ ਅਮਲ ਆਰੰਭਿਆ ਤਾਂ ਚੰਡੀਗੜ੍ਹਦਿੱਲੀ ਦੀ ਸੱਤਾ ਕੰਬੀ। ਬੀਬੀਆਂ ਰਿਹਾ ਕੀਤੀਆਂ ਗਈਆਂ। ਕੇਂਦਰੀ ਹਾਕਮਾਂ ਨਾਲ ਸੱਤਾ ਖਾਤਰ ਯਾਰੀ ਬਾਦਲ ਪਰਿਵਾਰ ਨੇ ਸਿੱਖ ਸੰਸਥਾਵਾਂ ਮਲੀਨ ਕਰ ਦਿੱਤੀਆਂ। ਜੇ ਪਾਰਲੀਮੈਂਟ ਦੀਆਂ ਚੋਣਾਂ 5 ਸਾਲ ਤੋਂ ਅੱਗੇ ਨਹੀਂ ਪਾਈਆਂ ਜਾ ਸਕਦੀਆਂ ਤਾਂ ਸਿੱਖਾਂ ਦੀ ਪਾਰਲੀਮੈਂਟ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਦੀਆਂ ਕਿਉਂ ਨਹੀਂ? ਨਿਸ਼ਾਨਾ, ਸਿੱਖ ਸੰਸਥਾਵਾਂ ਕਮਜ਼ੋਰ ਕਰੋ, ਪੰਥ ਆਪੇ ਕਮਜ਼ੋਰ ਪੈ ਜਾਊ।

ਢੀਂਡਸਾ : ਜਿਵੇਂ ਸੱਤਾ ਖਾਤਰ ਬਾਦਲ ਪਰਿਵਾਰ ਭਾਜਪਾ ਨਾਲ ਗਠਜੋੜ ਲਈ ਤਰਲੋਮੱਛੀ ਹੈ, ਇਵੇਂ ਹੀ ਸੁਖਦੇਵ ਸਿੰਘ ਢੀਂਡਸਾ। ਪ੍ਰੌਢ ਬੰਦੇ ਸੱਤਾ ਖਾਤਰ ਕਿਵੇਂ ਥੁੱਕ ਕੇ ਚੱਟਦੇ ਹਨ, ਬੁੱਢੇ ਲਾਚਾਰ ਢੀਂਡਸਾ ਵੱਲ ਵੇਖੋ। ਬਾਦਲਾਂ ਤੋਂ ਵੱਖ ਹੋਏ ਢੀਂਡਸਾ ਨੂੰ ਭਾਜਪਾ ਨੇ ਪੁੱਚਕਾਰਦੇ ਉਸ ਵਿਚੋਂ ਮਰਹੂਮ ਸ: ਬਾਦਲ ਦਾ ਅਕਸ ਵੇਖਣ ਦਾ ਖੇਖਨ ਕੀਤਾ। ਪਦਮ ਭੂਸ਼ਨ ਨਾਲ ਵੀ ਨਿਵਾਜਿਆ। ਜਦੋਂ 'ਨੀਲੂ ਗਿੱਦੜ' ਸਾਬਤ ਹੋਇਆ ਤਾਂ ਨਕਾਰ ਦਿੱਤਾ। ਅਖੇ ਸੁਖਬੀਰ ਬਾਦਲ ਦੀ ਪ੍ਰਧਾਨਗੀ ਹੇਠ ਕਦੇ ਏਕਤਾ ਨਹੀਂ। ਹੁਣ ਜ਼ਿੰਦਗੀ ਦੀ ਸ਼ਾਮ ਵੇਲੇ ਮੁੜ੍ਹ ਪੁੱਤ ਪਰਮਿੰਦਰ ਢੀਂਡਸਾ ਜੋ ਇੱਕ ਨਿਕੰਮਾ ਆਗੂ ਹੈ, ਦੀ ਬਾਂਹ ਸੁਖਬੀਰ ਨੂੰ ਫੜਾ ਕੇ ਉਸ ਦੀ ਅਗਵਾਈ ਮੰਨ ਲਈ। ਇਸੇ ਕਰਕੇ ਹੈ ਤਰਲੋਮੱਛੀ ਭਾਜਪਾ ਨਾਲ ਸਮਝੌਤੇ ਲਈ।

ਜਗੀਰ ਕੌਰ : ਕਦੇ ਵੀ ਸਿੱਖ ਸਿਧਾਂਤਾਂ 'ਤੇ ਪਹਿਰਾ ਨਾ ਦੇਣ ਵਾਲੀ, ਪੁੱਤਰੀ ਦੀ ਮੌਤ ਦੇ ਕੇਸ ਵਿਚ ਬਦਨਾਮ, ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਵੇਲੇ ਇਸ ਦੀ ਬਰਬਾਦੀ ਲਈ ਜ਼ੁੰਮੇਵਾਰ, ਪਾਰਟੀ ਅੰਦਰ ਲੋਕਤੰਤਰ ਦਾ ਮੁੱਦਾ ਉਠਾ ਕੇ ਬਾਗੀ ਹੋ ਕੇ ਸ਼੍ਰੋਮਣੀ ਕਮੇਟੀ ਦੀ ਚੋਣ ਲੜਨ ਵਾਲੀ, ਪੰਥ ਅਤੇ ਪੰਜਾਬੀਆਂ ਵੱਲੋਂ ਦੇਸ਼ਵਿਦੇਸ਼ ਵਿਚ ਨਕਾਰੀ ਜਾਣ ਕਰਕੇ ਮੁੜ ਸੁਖਬੀਰ ਬਾਦਲ ਦੀ ਝੋਲੀ ਵਿਚ ਜਾ ਗਿਰੀ ਹੈ। ਸਿਰਫ ਸੱਤਾ ਦੇ ਨਿਵਾਲੇ ਅਤੇ ਰਾਜਨੀਤਕ ਹੋਂਦ ਲਈ।

ਵਿਚੋਲੀਏ : ਪੰਜਾਬ, ਪੰਜਾਬੀਆਂ ਅਤੇ ਪੰਥ ਨੂੰ ਕਮਜ਼ੋਰ ਕਰਨ, ਪੰਜਾਬ ਅਤੇ ਪੰਜਾਬੀਆਂ ਨੂੰ ਲੁੱਟਣ ਅਤੇ ਸੱਤਾ ਦਾ ਪਾਏਦਾਨ ਬਣਾਉਣ ਵਾਲੇ ਪਰਿਵਾਰ ਹੀ ਭਾਜਪਾ ਨਾਲ ਏਕਤਾ ਲਈ ਤਰਲੋ ਮੱਛੀ ਹਨ। ਇਹਨਾਂ ਵਿਚ ਭਾਜਪਾ ਪੰਜਾਬ ਪ੍ਰਧਾਨ ਸੁਨੀਲ ਜਾਖੜ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਜੋ ਕਿੱਧਰੇ ਵੀ ਭਾਜਪਾਈ ਨਹੀਂ ਲਗਦੇ ਸਿਰਫ ਸੱਤਾ ਖਾਤਰ ਅਕਾਲੀਭਾਜਪਾ ਗਠਜੋੜ ਲਈ ਜ਼ੋਰਦਾਰ ਬੈਟਿੰਗ ਕਰ ਰਹੇ ਹਨ। ਕੈਪਟਨ ਜਾਂਦਾਜਾਂਦਾ ਧੀ ਜੈਇੰਦਰ ਕੌਰ ਨੂੰ ਉਤਰਾਧਿਕਾਰੀ ਥਾਪਣਾ ਚਾਹੁੰਦਾ ਹੈ।

ਭਾਜਪਾ : ਪ੍ਰਧਾਨ ਮੰਤਰੀ ਮੋਦੀ ਨੇ ਜਿਵੇਂ ਇਕੱਲੇ 370 ਅਤੇ ਐਨ. ਡੀ. ਏ. ਭਾਈਵਾਲਾ ਸਮੇਤ 405 ਸੀਟਾਂ ਜਿੱਤਣ ਦਾ ਐਲਾਨ ਕੀਤਾ ਸੀ, ਵਿਰੋਧੀ ਗਠਜੋੜ ਐਨ. ਡੀ. ਏ. ਅਤੇ ਖੇਤਰੀ ਪਾਰਟੀਆਂ ਦੀ ਵਧਦੀ ਤਾਕਤ ਕਰਕੇ ਸੰਭਵ ਨਹੀਂ ਲਗਦਾ। ਹੁਣ ਜਿਨ੍ਹਾਂ ਖੇਤਰੀ ਪਾਰਟੀਆਂ ਨੂੰ ਨਿਗਲਣ ਜਾਂ ਕਮਜ਼ੋਰ ਕਰਨਾ ਚਾਹਿਆ, ਉਨ੍ਹਾਂ ਵੱਲ ਹੱਥ ਮਿਲਾਉਣ ਲਈ ਮਜ਼ਬੂਰ ਹੈ। ਅਕਾਲੀ ਦਲ ਵੀ ਉਨ੍ਹਾਂ ਵਿਚ ਸ਼ਾਮਿਲ ਹੈ। ਪਰ ਜਿਸ ਕੇਂਦਰੀ ਭਾਜਪਾ ਸਾਸ਼ਕਾਂ ਦੇ ਇਸ਼ਾਰੇ ਹਰਿਆਣਾ ਸਰਕਾਰ ਨੇ ਸ਼ੰਭੂ ਅਤੇ ਖਨੌਰੀ ਬਾਰਡਰਾਂ ਤੇ ਪੰਜਾਬ ਦੀ ਕਿਸਾਨੀ ਨਾਲ ਤਾਲਿਬਾਨੀ ਵਰਤਾਓ, ਇੱਕ ਨੌਜਵਾਨ ਦੀ ਮੌਤ ਸੈਂਕੜੇ ਜਖਮੀ, ਬੰਦੀ ਸਿੱਖਾਂ ਦੀ ਰਿਹਾਈ, ਗੁਰਦਵਾਰਾ ਗੋਦੜੀ, ਡਾਂਗਮਾਰ ਸਾਹਿਬ, ਪੰਜਾਬ ਦੇ ਪਾਣੀਆਂ, ਹੈਡਵਰਕਸਾਂ, ਰਾਜਧਾਨੀ ਚੰਡੀਗੜ੍ਹ, ਯੂਆਪਾ ਅਧੀਨ ਡਿਬਰੂਗੜ੍ਹ ਦੂਰ ਦੁਰਾਡੀ ਜੇਲ੍ਹ ਵਿਚ ਅੰਮ੍ਰਿਪਾਲ ਤੇ ਸਾਥੀ ਭੇਜਣਾ, ਵਿਦੇਸ਼ਾਂ ਵਿਚ ਸਿੱਖਾਂ ਨਾਲ ਸ਼੍ਰੀ ਮੋਦੀ ਸਰਕਾਰ ਦੀ ਦੂਰੀ, ਸਿੱਖ ਘੱਟ ਗਿਣਤੀ ਦੀ ਭਾਰਤ ਅੰਦਰ ਸੁਰੱਖਿਆ ਅਤੇ ਸਨਮਾਨ ਦੀ ਗਾਰੰਟੀ (ਭਾਜਪਾ ਆਗੂ ਸ਼ਵਿੰਦੂ ਅਧਿਕਾਰੀ ਪੱਛਮੀ ਬੰਗਾਲ ਵਿਖ ਸਿੱਖ ਆਈ. ਪੀ. ਐੱਸ. ਅਫਸਰ ਜਸਪ੍ਰੀਤ ਸਿੰਘ ਨੂੰ ਖਾਲਿਸਤਾਨੀ ਕਹਿੰਦਾ ਹੈ) ਸਬੰਧੀ ਮੁੱਦਿਆਂ ਦੇ ਹੱਲ ਬਗੈਰ ਜੇ ਸ਼੍ਰੋਮਣੀ ਅਕਾਲੀ ਦਲ ਬਾਦਲ, ਭਾਜਪਾ ਨਾਲ ਸਮਝੌਤਾ ਕਰਦਾ ਹੈ ਤਾਂ ਇਹ ਇਸ ਲਈ ਨਿਸ਼ਚਿਤ ਤੌਰ 'ਤੇ ਰਾਜਨੀਤਕ 'ਹਾਰਾਕੀਰੀ' ਸਾਬਿਤ ਹੋਵੇਗਾ। ਲੇਕਿਨ ਭਗਵੰਤ ਮਾਨ ਦਾ ਰਾਜਸੀ ਫਾਰਮੂਲਾ 0+0=0 ਭਾਜਪਾ 'ਤੇ ਲਾਗੂ ਨਹੀਂ ਹੋਵੇਗਾ। ਐੱਸਕੇਐੱਮ ਕਿਸਾਨ ਰੈਲੀ ਰਾਮਲੀਲਾ ਗਰਾਊਂਡ ਦਿੱਲੀ ਵਿਖੇ ਦੇਸ਼ ਭਰ ਵਿਚ ਭਾਜਪਾ ਦੇ ਵਿਰੋਧ ਦੇ ਬਿਗੁਲ ਬਾਅਦ ਬਸਪਾ ਪੰਜਾਬ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦੇ ਕਥਨ ਮੁਤਾਬਿਕ ਸ਼੍ਰੋਮਣੀ ਅਕਾਲੀ ਦਲ ਦੋ ਘਰਾਂ ਦੇ ਪ੍ਰਾਹੁਣੇ ਵਾਂਗ ਭੁੱਖਾ ਹੀ ਰਹਿ ਜਾਏਗਾ ਭਾਵ ਗਠਜੋੜ ਦਾ ਕਾਰਵਾਂ ਗੁਜ਼ਰ ਜਾਣ ਕਰਕੇ ਗੁਬਾਰ ਵੇਖਦਾ ਰਹਿ ਜਾਏਗਾ।

ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ
ਕਿੰਗਸਟਨ ਕੈਨੇਡਾ।
+1 2898292929




The Mortgage Centre
We work for you, not the lenders.
Second Mortgage
Debt Consolidation
Renovations & Repairs
Avoiding High penalities
If you are looking for independent mortgage or protection advice....
We're here to help.
* Competitive rates
* Flexible terms
* Fast approval process
No Credit or becon score check.
No income verifiaction.
Interest payments only.
Pay off high interest debts.
75%-80% LTV.
Must have home equity.....
For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5
Rexdale Financial Services


URGENTLY NEED NEW LISTINGS IN BRAMPTON/CALEDON
visit: www.teamjagaujla.com
ADVERTISEMENT GUARANTEED TILL SOLD
JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com
MCNE
CALL JAG AUJLA FOR A QUICK & FREE HOME EVALUATION
www.BramptonTopRealtor.com
RECENTLY LISTED IN YOUR NEIGHBOURHOOD
Sandalwood & Sunny Meadow Blvd
ਬਹੁਤ ਹੀ ਵਧੀਆ ਲੋਕੇਸ਼ਨ ਉਤੇ ਗ੍ਰੀਨਰੀ ਫੇਸਿੰਗ ਬਹੁਤ ਹੀ ਵਧੀਆ ਤਰੀਕੇ ਨਾਲ ਮੇਨਟੇਨ ਕੀਤਾ ਹੋਇਆ ਲਗਭਗ 1305 ਸਕੇਅਰ ਫੁੱਟ (ਐਮਪੈਕ ਅਨੁਸਾਰ) ਦਾ ਕੌਂਡੋ ਸਟੈਕਡ ਟਾਊਨ ਹਾਊਸ, ਸਾਰੇ ਘਰ ਨੂੰ ਨਵਾਂ ਰੰਗ ਕੀਤਾ ਹੋਇਆ, ਸਾਲ 2016-17 ਵਿਚ ਬਣਿਆ ਹੋਇਆ 2 ਬੈਡਰੂਮ + 3 ਵਾਸ਼ਰੂਮ + ਓਪਨ ਟੈਰੇਸਡ ਬਾਲਕਨੀ + 1 ਕਾਰ ਗਰਾਜ ਦੇ ਨਾਲ, ਓਪਨ ਕਾਂਸੈਪਟ ਲਿਵਿੰਗ ਲੈਮੀਨੇਟਡ ਫਲੋਰ ਦੇ ਨਾਲ ਲੈਸ ਡਾਇਨਿੰਗ ਏਰੀਆ, ਸਟੇਨਲੈਸ ਸਟੀਲ ਨਾਲ ਬਣੀਆਂ ਕਿਚਨ ਕੈਬਿਨੇਟਸ, ਮਾਸਟਰ ਬੈਡਰੂਮ 4 ਪੀਸੀ ਐਨਸੂਟ ਦੇ ਨਾਲ ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਅਤੇ ਹੋਰ ਵੀ ਬਹੁਤ ਕੁੱਝ।
James Potter/Queen/Bonnie Brae
ਬਹੁਤ ਹੀ ਸੋਹਣਾ 3000-3500 ਸਕੇਅਰ ਫੁੱਟ ਦਾ ਡਿਟੈਚਡ ਘਰ, 5+2 ਬੈਡਰੂਮ + ਦਫਤਰ + 5 ਵਾਸ਼ਰੂਮ, ਫਿਨਿਸ਼ਡ ਬੇਸਮੈਂਟ, 2 ਅਲੱਗ ਐਂਟਰੈਂਸ, 9 ਫੁੱਟ ਦੀ ਸੀਲਿੰਗ, ਡਬਲ ਡੋਰ ਐਂਟਰੀ, 5 ਪੀਸੀ ਐਨਸੂਟ ਦੇ ਨਾਲ ਮਾਸਟਰ ਬੈਡਰੂਮ, ਮੇਨ ਫਲੋਰ ਉਤੇ ਲੱਕੜ ਦਾ ਕੰਮ ਕੀਤਾ ਹੋਇਆ, ਬੇਸਮੈਂਟ ਵਿਚ ਲੈਮੀਨੇਟ ਅਤੇ ਸੇਰਾਮਿਕਸ, ਗ੍ਰੇਨਾਈਟ ਕਊਂਟਰ ਟਾਪ ਅਤੇ ਸੈਂਟਰ ਆਈਲੈਂਡ ਦੇ ਨਾਲ ਕਿਚਨ, ਗ੍ਰੀਨਰੀ ਵੱਲ ਫੇਸ ਕਰਦਾ ਹੋਇਆ ਬ੍ਰੇਕਫਾਸਟ ਏਰੀਆ, ਮੇਨ ਫਲੋਰ ਉਤੇ ਲਾਊਂਡਰੀ, ਘਰ ਦੇ ਸਾਹਮਣੇ ਪਾਰਕ ਅਤੇ ਹੋਰ ਵੀ ਬਹੁਤ ਕੁੱਝ।
Caledon Ontario (Dir/Cross St:Mayfield/ Mclaughlin/Tweedhill)
ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਾਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।
Bramalea/Father Tobin /Fernfor
ਬਹੁਤ ਹੀ ਸ਼ਾਨਦਾਰ 3065 ਸਕੇਅਰ ਫੁੱਟ ਦਾ 3 ਮੰਜਲਾ ਡਿਟੈਚਡ ਘਰ, 5+1 ਬੈਡਰੂਮ + 5 ਵਾ-ਸ਼ਰੂਮ ਅਤੇ 2 ਫੈਮਿਲੀ ਰੂਮ, 2 ਮਾਸਟਰ ਬੈਡਰੂਮ ਅਤੇ ਇਕ ਫਿਨਿਸ਼ਡ ਬੇਸਮੈਂਟ, ਡਬਲ ਡੋਰ ਐਂ-ਟਰੀ, ਓਕ ਸਟੇਅਰਕੇਸ, ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ ਵਿਚ ਹਾਰਡਵੁੱਡ ਲੱਗਾ ਹੋਇਆ, ਸੋਹਣਾ ਜਿਹਾ ਕਿਚਨ ਸੈਂਟਰ ਆਈਲੈਂਡ ਦੇ ਨਾਲ, ਮਾਸਟਰ ਬੈਡਰੂਮ ਵਿਚ 5 ਪੀਸੀ ਐਨ-ਸੂਟ, ਦੂਜੀ ਮੰਜਲ 'ਤੇ ਲਾਊਂਡਰੀ, ਗਰਾਜ ਤੋਂ ਘਰ ਦੀ ਐਂਟਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਦੇ ਨਾਲ, ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਤੇ ਹੋਰ ਵੀ ਬਹੁਤ ਕੁੱਝ।
FREE
Full MLS services
Consistent marketing until your property is sold
Competitive rates, exceptional service & award winning results
Staging consultation
Billboard, flyer
Online Promotion
Professional pictures & virtual tour
Social media & radio advertisement
Open house till sold
RE/MAX REALTY SPECIALISTS INC.
Ph:905-456-3232
JAG AUJLA
416-371-7777
NOT INTENDED TO SOLICIT BUYERS OR SELLERS CURRENTLY UNDER CONTRACT


LOCAL & LONG DISTANCE MOVING
H.K. MOVERS
VANCOUVER - CALGARY - EDMONTON - WINNIPEG - TORONTO - OTTAWA - MONTREAL
CANADA'S MOVING COMPANY
WELCOME TO ALBERTA
H.K. MOVERS
LOCAL & LONG DISTANCE
416-524-6704
WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS
Best Business of 2023
ThreeBest Rated
Excellence
Call: 416.524.6704
www.hkmovers.ca
2023
ThreeBest Rated
Certificate OF EXCELLENCE
THREE BEST RATED
SAFE, RELIABLE AND EFFICIENT SERVICE AT THE BEST RATES

# Asian Food Centre

**WE'RE HERE TO SERVE ONLY THE BEST PRODUCTS FOR YOU.**

# FRESH

## FRUITS & VEGETABLES

Healthy & fresh grocery



Variety of Indian Sweets Available

OPEN NOW

340 Woodlawn RD
Guelph, N1H 7K6

| ETOBICOKE | MISSISSAUGA | BRAMPTON | BRAMPTON | BRAMPTON |
|---|---|---|---|---|
| 10 Westmore Dr. 416-740-3262 MEAT SHOP AVAILABLE | 1075 Ceremonial Dr 905-502-1600 MEAT SHOP AVAILABLE | 621 Wanless Dr. 905-495-3336 MEAT SHOP AVAILABLE | 2120 N Park Dr. 905-793-1338 MEAT SHOP AVAILABLE | 80 Pertosa Dr. 905-460-0009 |

TOLL FREE 1-800-708-9232

| BRAMPTON | BRAMPTON | BRAMPTON | GUELPH |
|---|---|---|---|
| 40 Airport RD & Lacoste Blvd. 905-794-8109 MEAT SHOP AVAILABLE | 10510 Torbram Rd. 905-790-0030 | 10 Pannahill Dr. 905-913-8017 MEAT SHOP AVAILABLE | 340 Woodlawn Rd W 226-669-0004 |

We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media